
ਵਰਿਆਮ

ਅਗਸਤ 1977

1/-



ਆਦਮੀ ਦੀ ਸਾਧਨਾ ਦਾ, ਬਿੰਬ ਹੈ ਮੋਤੀ ਦਾ ਰੂਪ
ਸਾਧਨਾ, ਫੁੱਲ-ਪੱਤੀਆਂ ਦੀ, ਮਹਿਕ ਤੇ ਪਰਵਾਜ਼ ਹੈ ।



ਜੰਮੂ ਵਿਖੇ 9 ਜੂਨ ਨੂੰ 'ਸੰਤ ਸਪੋਰਟਸ ਇੰਡਸਟਰੀਜ਼' ਦਾ ਉਦਘਾਟਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤਾ। ਤਸਵੀਰ ਵਿਚ ਸ: ਚਰਨ ਸਿੰਘ, ਸ: ਤਾਰਾ ਸਿੰਘ (ਮਾਲਕ ਫਰਮ) ਤੇ ਹੋਰ ਸਜਨ ਦਿਖਾਈ ਦੇ ਰਹੇ ਹਨ।



ਇਸੇ ਹੀ ਦਿਨ 'ਜਵਾਹਰ ਸਪੋਰਟਸ ਇੰਡਸਟਰੀਜ਼' ਦੇ ਉਦਘਾਟਨ ਸਮੇਂ ਅਰਦਾਸ :–ਵਿਚਕਾਰ ਸਤਿਗੁਰੂ ਜੀ, ਖਬੇ ਫਰਮ ਦੇ ਪਾਰਟਨਰ ਸ: ਕਰਤਾਰ ਸਿੰਘ 'ਮੁਹਾਰ' ਖੜੇ ਹਨ ; ਸਾਹਮਣੇ (ਖਬੇ ਤੋਂ) ਸ: ਅਮਰ ਸਿੰਘ ਕੂਕਾ, ਸ: ਅਮਰੀਕ ਸਿੰਘ, ਸ: ਪ੍ਰੀਤਮ ਸਿੰਘ, ਸ: ਕਰਤਾਰ ਸਿੰਘ, ਸੇਠ ਸੁਰਿੰਦਰ ਸਿੰਘ ਤੇ ਅਰਦਾਸ ਕਰ ਰਹੇ ਸੰਤ ਮਹਿੰਦਰ ਸਿੰਘ ਪੂਰਬਾ।

ਮਾਸਕ ਵਰਿਆਮ ਅਗਸਤ 1977

ਮੁਖ ਮੰਤਰੀ ਜੀ ਦੇ ਧਿਆਨ ਗੋਚਰੇ

ਜਿਲਦ ਨੰ: 2 ਅੰਕ ਨੰ: 10

ਪ੍ਰਕਾਸ਼ਨ ਮਿਤੀ 7-8-77

ਮੁੱਖ ਸੰਪਾਦਕ : ਜਗਦੀਸ਼ ਸਿੰਘ

ਆਰਟਿਸਟ : ਪ੍ਰਕਾਸ਼

ਮੁੱਲ ਪ੍ਰਤੀ ਕਾਪੀ : 1 ਰੁਪਿਆ
ਸਾਲਾਨਾ ਚੰਦਾ ਦੇਸ : 12 ਰੁਪਏ
,, ,, ਵਿਦੇਸ਼ : 30 ਰੁਪਏ (ਸਮੁੰਦਰੀ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : 200 ਰੁਪਏ

ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—144001.
ਫੋਨ : 2504 ਪੀ. ਪੀ.

Office Address :
WARIAM
(Punjabi Monthly)
Ladowali Road
Jullundur-144001
Phone : 2504 P.P.

ਸ: ਪ੍ਰਕਾਸ਼ ਸਿੰਘ ਬਾਦਲ ਨੇ ਇਕ ਵਾਰ ਫੇਰ ਪੰਜਾਬ ਦੀ ਵਾਗ ਡੋਰ ਸੰਭਾਲੀ ਹੈ ਤਾਂ ਅਸੀਂ ਬਾਦਲ ਸਾਹਿਬ ਦਾ ਧਿਆਨ ਇਕ ਐਸੇ ਜ਼ਰੂਰੀ ਮਸਲੇ ਵਲ ਦੁਆਉਣਾ ਚਾਹੁੰਦੇ ਹਾਂ ਜੋ ਉਹਨਾਂ ਦੀ ਨਜ਼ਰ ਚੋਂ ਉਹਨਾਂ ਦੇ ਪਿਛਲੇ ਅਹਿਦ ਸਮੇਂ ਲੰਘ ਚੁਕਾ ਹੈ।

ਤਾਰੀਖ ਗੁਆਹ ਹੈ ਕਿ ਜਦੋਂ ਪੰਜਾਬ ਤੇ ਅੰਗਰੇਜ਼ਾਂ ਦੇ ਕਬਜ਼ੇ ਪਿਛੋਂ ਇਥੇ ਜ਼ੁਲਮ ਦੀ ਦਹਿਸ਼ਤ ਤਾਰੀ ਸੀ ਅਤੇ ਸਾਰੀ ਕੌਮ ਸਾਹ ਸਤ ਹੀਣ ਹੋ ਚੁਕੀ ਸੀ ਤਾਂ ਉਸ ਵੇਲੇ ਕੂਕਿਆਂ ਨੇ ਉਸ ਜ਼ੁਲਮ ਦੀ ਹਨੇਰੀ ਅਗੇ ਸੀਨਾ ਤਾਣਿਆ ਸੀ ਜਿਸ ਦੇ ਫਲ ਸਰੂਪ ਅਨੇਕਾਂ ਕੂਕੇ ਸੂਰਬੀਰਾਂ ਨੇ ਅਮ੍ਰਿਤਸਰ, ਰਾਇਕੋਟ, ਮਲੇਰਕੋਟਲਾ, ਲੁਧਿਆਣਾ ਆਦਿਕ ਥਾਂਵਾਂ ਤੇ ਸ਼ਹੀਦੀਆਂ ਪਾਈਆਂ ਸਨ ਤੇ ਹੋਰ ਅਨੇਕਾਂ ਤਸੀਹੇ ਝਲੇ ਸਨ। ਨਾਮਧਾਰੀਆਂ ਦੀਆਂ ਇਹ ਕੁਰਬਾਨੀਆਂ ਸਾਡੇ ਦੇਸ਼ ਦਾ ਸਾਂਝਾ ਵਿਰਸਾ ਹੈ। ਉਹਨਾਂ ਦੀਆਂ ਯਾਦ-ਗਾਰਾਂ ਬਨਾਉਣੀਆਂ ਕੇਵਲ ਕੂਕਿਆਂ ਦਾ ਹੀ ਕੰਮ ਨਹੀਂ ਸਗੋਂ ਸਰਕਾਰ ਦਾ ਵੀ ਫਰਜ਼ ਹੈ। ਜੇ ਸਰਕਾਰ ਆਪ ਜ਼ਿਆਦਾ ਕੁਝ ਨਹੀਂ ਕਰ ਸਕਦੀ ਤਾਂ ਘੱਟੋ ਘੱਟ ਇਹਨਾਂ ਯਾਦਗਾਰਾਂ ਦੇ ਉਸਾਰਨ ਵਿਚ ਆਉਂਦੀਆਂ ਔਕੜਾਂ ਨੂੰ ਦੂਰ ਕਰਨ ਵਿਚ ਨਾਮਧਾਰੀ ਦਰਬਾਰ ਦੀ ਮਦਦ ਤਾਂ ਕਰ ਸਕਦੀ ਹੈ।

ਅਸੀਂ ਜਾਣਦੇ ਹਾਂ ਕਿ ਬਾਦਲ ਸਾਹਿਬ ਇਸ ਸਾਰੀ ਸਥਿਤੀ ਤੋਂ ਵਾਕਫ ਹਨ। ਇਹਨਾਂ ਸਥਾਨਾਂ ਚੋਂ ਇਕ ਅੰਮ੍ਰਿਤਸਰ ਦੇ ਸ਼ਹੀਦਾਂ ਦੀ ਥਾਂ ਬਾਰੇ ਸ: ਲਛਮਣ ਸਿੰਘ ਗਿਲ, ਦੇ ਵੇਲੇ ਤੋਂ ਚਰਚਾ ਚਲ ਰਹੀ ਹੈ। ਸ: ਆਤਮਾ ਸਿੰਘ, ਸ: ਲਛਮਣ ਸਿੰਘ ਤੇ ਸ: ਬਾਦਲ ਹੋਰਾਂ ਨੇ ਪੂਰੀ ਇਮਾਨਦਾਰੀ ਨਾਲ ਇਸ ਥਾਂ ਦੇ ਮਸਲੇ ਨੂੰ ਨਾਮਧਾਰੀ ਦਰਬਾਰ ਦੀ ਮਰਜ਼ੀ ਅਨੁਸਾਰ ਹੱਲ ਕਰਨ ਦੇ ਜਤਨ ਕੀਤੇ ਪਰ ਸਮੇਂ ਨੇ ਸਾਥ ਨਹੀਂ ਦਿਤਾ ਪਰ ਉਹਨਾਂ ਦੇ ਜਤਨਾਂ ਨੂੰ ਨਾਮਧਾਰੀ ਸਮਾਜ ਸਲਾਹੁੰਦਾ ਰਿਹਾ ਹੈ। ਅੰਮ੍ਰਿਤਸਰ ਵਾਲੇ ਸਥਾਨ ਬਾਰੇ ਦਸਿਆ ਜਾਂਦਾ ਹੈ ਕਿ ਪਿਛਲੀ ਬਾਦਲ ਸਰਕਾਰ ਨੇ ਆਰਡਰ ਵੀ ਕਰ

ਦਿਤੇ ਸਨ ਜੋ ਪਿਛੋਂ ਗਵਰਨਰੀ ਰਾਜ ਸਮੇਂ ਹੋਰਨਾਂ ਫੈਸਲਿਆਂ ਦੇ ਨਾਲ ਹੀ ਮਨਸੂਖ ਹੋ ਗਏ। ਭਾਵੇਂ ਪਿਛਲੀ ਬਾਦਲ ਵਚਾਰਤ ਦੀ ਜਾਨਸ਼ੀਨ ਕਾਂਗਰਸ ਸਰਕਾਰ ਨੇ ਆਰਡਰ ਕਰਨ ਵਾਲੀ ਗੱਲ ਨੂੰ ਨਹੀਂ ਮੰਨਿਆ ਪਰ ਫਿਰ ਵੀ ਬਾਦਲ ਸਾਹਿਬ ਦੇ ਉਦਮ ਨੂੰ ਲੋਕਾਂ ਨੇ ਸਰਾਹਿਆ ਸੀ।

ਕਾਂਗਰਸ ਸਰਕਾਰ ਨੂੰ ਭਾਵੇਂ ਪਿਛਲੇ ਪੰਜ ਸਾਲ ਬੇ-ਖਟਕਾ ਰਾਜ ਕਰਨ ਦਾ ਅਤੇ ਹਰ ਤਰ੍ਹਾਂ ਦੇ ਅਧਿਕਾਰ ਵਰਤਣ ਦਾ ਮੌਕਾ ਮਿਲਿਆ ਹੈ ਪਰ ਇਸ ਮਸਲੇ ਬਾਰੇ ਉਹਨਾਂ ਦੀ ਮੁਜਰਮਾਨਾ ਗਫਲਤ ਰਹੀ ਹੈ। ਮਲੇਰਕੋਟਲੇ ਦੇ ਸ਼ਹੀਦੀ ਸਥਾਨ ਬਾਰੇ ਅਤੇ ਅੰਮ੍ਰਿਤਸਰ ਦੀ ਜਗਹ ਬਾਰੇ ਭਾਵੇਂ ਕਾਰਵਾਈਆਂ ਤੇ ਮੀਟਿੰਗਾ ਹੁੰਦੀਆਂ ਦਸੀਆਂ ਜਾਂਦੀਆਂ ਰਹੀਆਂ ਪਰ ਨਾਮਧਾਰੀ ਦਰਬਾਰ ਦੀ ਮਨਸ਼ਾ ਅਨਕੂਲ ਕੋਈ ਹੱਲ ਨਹੀਂ ਹੋ ਸਕਿਆ।

ਸਤਿਗੁਰੂ ਜਗਜੀਤ ਸਿੰਘ ਜੀ ਇਸ ਸਬੰਧੀ ਆਪਣੇ ਵਿਚਾਰ ਦਸਦਿਆਂ ਅਕਸਰ ਕਿਹਾ ਕਰਦੇ ਹਨ ਕਿ "ਅਕਾਲ ਪੁਰਖ ਨੇ ਪਤਾ ਨਹੀਂ ਕਿਸ ਦੇ ਸਿਰ ਇਹ ਨੇਕ ਕੰਮ ਦਾ ਸਿਹਰਾ ਬੰਨਣਾ ਹੈ।"

ਇਸ ਸਬੰਧ ਵਿਚ ਅਸੀਂ ਬਹੁਤਾ ਨਾ ਕਹਿੰਦੇ ਹੋਏ ਬਾਦਲ ਸਾਹਿਬ ਦੀ ਆਪਣੀ ਤਕਰੀਰ ਜੋ ਉਹਨਾ ਨੂੰ 12 ਮਾਰਚ 1971 ਨੂੰ ਆਨੰਦਪੁਰ ਸਾਹਿਬ ਹੋਲੇ ਸਮੇਂ ਨਾਮਧਾਰੀ ਦੀਵਾਨ ਵਿਚ ਕੀਤੀ, ਵਿਚੋਂ ਕੁਝ ਅੰਸ਼ ਦੇ ਕੇ ਉਹਨਾਂ ਦਾ ਧਿਆਨ ਇਸ ਮਸਲੇ ਵਲ ਦੁਆਉਂਦੇ ਹਾਂ।

"...ਬਾਬਾ ਜੀ ਮਹਾਰਾਜ ਦੀ ਯਾਦ ਸਾਡੇ ਸਾਰਿਆਂ ਦੇ ਦਿਲਾਂ ਵਿਚ ਹੈ, ਹਰ ਇਕ ਹਿੰਦੁਸਤਾਨੀ ਦੇ ਦਿਲ ਹੈ, ਲੇਕਿਨ ਮੈਂ ਸਮਝਦਾਂ, ਮੈਂ ਹੁਣੇ ਬਾਬਾ ਜੀ ਨੂੰ ਬੇਨਤੀ ਕੀਤੀ ਸੀ ਕਿ ਕੋਈ ਇਹੋ ਜਿਹੀ ਜਗਾ ਮੁਕਰਰ ਕਰੋ ਜੋ ਤੁਸੀਂ ਹੁਕਮ ਕਰਉ ਅਸੀਂ ਉਹਨਾਂ ਦੇ ਦਸੇ ਪਰੋਗਰਾਮ, ਉਹ ਸਾਰੀ ਹਿਸਟਰੀ ਜਿਸ ਤਰ੍ਹਾਂ ਕਿ ਅਜ ਨੁਮੈਸ਼ ਵਿਚ ਦਸੀ ਗਈ ਹੈ, ਉਸ ਤਰ੍ਹਾਂ ਦੀ ਇਕ ਬੜੀ ਵਡੀ ਯਾਦਗਾਰ ਬਣਾਈਏ ਤਾ ਕਿ ਸਾਡੇ ਹਿੰਦੁਸਤਾਨੀ ਉਹਨਾਂ ਦੀ ਜ਼ਿੰਦਗੀ ਤੋਂ ਉਤਸ਼ਾਹ ਲੈ ਕੇ ਕੌਮ ਤੇ ਮੁਲਕ ਦੀ ਸੇਵਾ ਕਰ ਸਕਣ। ਮੈਂ ਸਮਝਦਾ ਹਾਂ ਕਿ ਬਾਬਾ ਜੀ ਦੇ ਦਰਬਾਰ ਵਿਚ ਭਰਾਵਾਂ ਦੇ ਮਿਲਵਰਤਣ ਨਾਲ ਕੋਈ ਕਮੀ ਨਹੀਂ ਐ, ਕੋਈ ਚੀਜ਼ ਤੁਸੀਂ ਬਣਾ ਲਓ, ਥੋੜੇ ਜਹੇ ਚਿਰ ਵਿਚ ਤੁਸੀਂ ਉਸ ਨੂੰ ਸਿਰੇ ਚਾੜ੍ਹ ਸਕਦੇ ਹੋ, ਲੇਕਿਨ ਮੈਂ ਸਮਝਦਾ ਹਾਂ ਕਿ ਇਹ ਸਰਕਾਰ ਦਾ ਵੀ ਫਰਜ਼ ਐ। ਮੈਂ ਏਨਾਂ ਅਰਜ਼ ਕਰਦਾਂ ਕਿ ਸਰਕਾਰ ਵਲੋਂ ਇਕ ਲੱਖ ਰੁਪਿਆ ਉਸ ਯਾਦ ਵਾਸਤੇ ਜਿਥੇ ਵੀ ਬਾਬਾ ਜੀ ਹੁਕਮ ਕਰਨ ਜੋ ਪਰੋਗਰਾਮ ਉਹ ਬਣੌਣ, ਉਹ ਅਸੀਂ ਕਾਇਮ ਕਰਾਂਗੇ।

ਮੈਨੂੰ ਏਹ ਸੁਣਕੇ ਬੜਾ ਦੁਖ ਹੋਇਆ ਕਿ ਅੰਮ੍ਰਿਤਸਰ ਸਾਹਿਬ ਵਿਚ ਜੋ ਬੜੀ ਯਾਦਗਾਰੀ ਜਗ੍ਹਾ ਹੈ ਉਸ ਦਾ ਉਥੇ ਵੀ ਅਸੀਂ ਚੰਗੀ ਤਰ੍ਹਾਂ ਕੋਈ ਯਾਦਗਾਰ ਬਣਾ ਨਹੀਂ ਸਕੇ। ਕਿਉਂਕਿ ਮੈਂ ਵੀ ਉਸ ਜਗ੍ਹਾ ਦੇ ਦਰਸ਼ਨ ਕੀਤੇ ਹਨ। ਮੈਂ ਬਾਬਾ ਜੀ ਤੇ ਸਾਰੀ ਸੰਗਤ ਨੂੰ ਵਿਸ਼ਵਾਸ ਦਿਵੌਨਾ ਕਿ ਮੈਨੂੰ ਹੁਣ ਐਸ ਵੇਲੇ ਪਤਾ ਨਹੀਂ ਕਿ ਉਸ ਦਾ ਕਿਸ ਕੋਲ ਕਬਜ਼ਾ ਹੈ ਯਾ ਕਿਸ ਤਰ੍ਹਾਂ ਦਾ ਰਿਕਾਰਡ ਹੈ। ਜੇ ਤਾਂ ਕੋਈ ਸਰਕਾਰ ਦੇ ਕਬਜ਼ੇ ਵਿਚ ਜਾਂ ਮਲਕੀਅਤ ਵਿਚ ਉਹ ਜਗ੍ਹਾ ਹੋਈ ਤਾਂ ਮੈਂ ਫੌਰਨ ਹੀ ਕਲ ਪਰਸੋਂ ਤਕ ਜਾ ਕੇ ਉਹ ਇੰਤਕਾਲ ਜਿਸ ਤਰ੍ਹਾਂ ਤੁਸੀਂ ਹੁਕਮ ਕਰੋਗੇ ਉਹ ਕਰਵਾ ਦਿਆਂਗੇ। ਜੇ ਕਿਸੇ ਮਯੂਨਿਸਪੈਲਟੀ ਜਾਂ ਹੋਰ ਕਿਸੇ ਦੀ ਜਗ੍ਹਾ ਹੋਈ, ਉਸ ਨੂੰ ਪਰੇਰਣਾ ਕਰਾਂਗੇ। ਜੇ ਉਹ ਨਾ ਬਣੇ ਤਾਂ ਸਰਕਾਰ ਵਲੋਂ ਉਹ ਜਗਹ ਐਕਵਾਇਰ ਕਰਕੇ ਇਕ ਬੜੀ ਵਡੀ ਯਾਦਗਾਰ ਉਥੇ ਬਣਾਵਾਂਗੇ। ਮੈਂ ਇਕ ਬੇਨਤੀ ਕਰਾਂਗਾ ਕਿ ਬਾਬਾ ਜੀ ਮੈਨੂੰ ਏਸ ਵਿਚ, ਜੋ ਕਮੇਟੀ ਇਹਨਾਂ ਨੇ ਬਣਾਈ ਹੈ, ਉਹ ਸਮੇਂ ਸਿਰ ਦਸਦੇ ਰੈਹਣ ਤਾਂ ਕਿ ਜਦੋਂ ਕਦੇ ਫੇਰ ਦਰਬਾਰ ਹੋਏ ਜਾਂ ਜਿਸ ਤਰ੍ਹਾਂ ਅਜ ਤੁਸੀਂ ਸਰਦਾਰ ਲਛਮਣ ਸਿੰਘ ਗਿਲ ਜੀ ਜਾਂ ਸਰਦਾਰ ਆਤਮਾ ਸਿੰਘ ਨੇ ਜੋ ਵਾਇਦਾ ਕੀਤਾ ਸੀ, ਉਹ ਪੂਰਾ ਨਹੀਂ ਹੋਇਆ, ਕਿਤੇ ਮੇਰੀ ਗਲ ਵੀ ਫੇਰ ਏਹ ਦੁਹਰਾਈ ਨਾ ਜਾਵੇ। ਮੈਂ ਸਮਝਦਾ ਹਾਂ ਕਿ ਮੇਰੇ ਤੇ ਇਹ ਭਾਰ ਨਾ ਟਿਕੇ ਤੇ ਇਹ ਗੱਲ ਸਾਰੀ ਆਪਣੀ ਸਿਰੇ ਚੜੇ ਕਿਉਂਕਿ ਆਪਣੇ ਬਜ਼ੁਰਗਾ ਦੀਆਂ ਗੁਰੂਆਂ ਦੀਆਂ ਯਾਦਗਾਰਾਂ ਬਣਨ ਨਾਲ ਫਾਇਦਾ ਪਹੁੰਚਦੈ ਕਿਉਂਕਿ ਉਹਨਾਂ ਦੇ ਦਸੇ ਹੋਏ ਰਸਤੇ ਤੇ ਅਸੀਂ ਚਲਦੇ ਹਾਂ ਤੇ ਮੁਲਕ ਤੇ ਕੌਮ ਨੂੰ ਅਗੇ ਲੈ ਜਾ ਸਕਦੇ ਆਂ।"

ਬਾਦਲ ਸਾਹਿਬ ਕੋਲ ਹੁਣ ਵਧੀਆ ਮੌਕਾ ਹੈ ਕਿ ਉਹ ਪੁਰਾਣਾ ਕੌਲ ਨਿਭਾ ਕੇ ਅਪਣੀ ਗਲ ਪੁਗਾਉਣ।

— ਜਗਦੀਸ਼ ਸਿੰ

ਗ਼ਜ਼ਲ

ਡਾ: ਹਰਨੇਕ ਸਿੰਘ ਕੋਮਲ

ਗ਼ਮ ਤੋਂ ਤੇਰਾ ਨਾਲ ਹੈ ਸੱਜਣਾ।
ਇਹ ਦਿਲ ਮਾਲੋ-ਮਾਲ ਹੈ ਸੱਜਣਾ।
ਯਾਦ ਤੇਰੀ ਪ੍ਰਛਾਵੇਂ ਵਾਂਗਰ।
ਹਰਦਮ ਮੇਰੇ ਨਾਲ ਹੈ ਸੱਜਣਾ।
ਤਪਦੇ ਥਲ ਤੇ 'ਮਾਰੂ ਛੱਲਾਂ,
ਮਿਲਣਾ ਬੜਾ ਮੁਹਾਲ ਹੈ ਸੱਜਣਾ।
ਮਨ ਦੇ ਉਡਣ-ਪੰਖੇਰੂ ਦੇ ਲਈ,
ਸਾਰੀ ਦੁਨੀਆਂ ਜਾਲ ਹੈ ਸੱਜਣਾ।
ਜੰਗਲ-ਬੇਲੇ ਢੂੰਡੇ ਕਿਸ ਨੂੰ?
ਰਾਂਝਣ ਤੇਰੇ ਨਾਲ ਹੈ ਸੱਜਣਾ।

——

ਭਵਿਖ

ਪ੍ਰੀਤਮ ਬੇਲੀ

ਸ਼ੀਤ ਹਿਮਾਲੇ ਦੀਆਂ ਬਰਫੀਲੀ ਚੋਟੀਆਂ
ਜਿਥੇ ਮੇਰੇ ਮਹਾਨ ਦੇਸ ਦੀ ਹੋਂਦ ਦਾ
ਨਿੱਘ ਪਹੁੰਚਦਾ ਹੈ :
ਸਾਡੇ ਨੀਲ ਸਾਗਰਾਂ ਦੀ ਗੁੰਮ-ਗਹਿਰਾਈਆਂ 'ਚ
ਮੇਰੇ ਦੇਸ ਦੇ ਕੰਢਿਆਂ ਦੇ ਰਾਂਗਲੇ ਅੱਕਸ
ਸ਼ੀਰਸ਼-ਆਸਨ ਕਰਦੇ ਹਨ।
ਨੀਲ ਗਗਨਾਂ ਦੀ ਵਿਸ਼ਾਲਤਾ ਵਿਚ
ਸਾਡੇ ਸੁਪਨਿਆਂ ਦੀ ਨੀਝ
ਰਾਂਗਲੇ ਪੰਖ ਲਾ ਕੇ ਉਡਦੀ ਹੈ।
ਅਸੀਂ ਰਾਂਗਲੇ ਭਵਿਖ ਵਲ ਜਾ ਰਹੇ ਹਾਂ।
ਤੇ ਸਾਡਾ ਭਵਿਖ ਸਾਡੇ ਵਲ ਆ ਰਿਹਾ,
ਸਾਡੇ ਮਹਾਨ ਇਤਿਹਾਸ ਵਿਚ
ਆਪਣੇ ਰੰਗ ਧੂੜਣ ਲਈ!

ਗ਼ਜ਼ਲ

—ਸਾਹਿਬ ਸਿੰਘ ਸੁਖ

ਏਥੇ ਤਾਂ ਹਰ ਮੌਸਮ ਠਰਿਆ ਠਰਿਆ ਹੈ,
ਬੂਟਾ ਬੂਟਾ ਜਾਪੇ ਡਰਿਆ ਡਰਿਆ ਹੈ।
ਕਲੀਆਂ ਦੇ ਸੀਨੇ ਵਿਚ ਸੇਕ ਜਵਾਲਾ ਦਾ,
ਵੇਖਣ ਨੂੰ ਤਾਂ ਗੁਲਸ਼ਨ ਹਰਿਆ ਭਰਿਆ ਹੈ।
ਨੀਲੇ ਹੁੰਦੇ ਜਾਂਦੇ ਅੰਗ ਬਹਾਰਾਂ ਦੇ,
ਇਹਨਾਂ ਨੂੰ ਕਿਸ ਪੱਤਝੜ ਦਾ ਸੱਪ ਲੜਿਆ ਹੈ।
ਰੁੱਖਾਂ ਦੇ ਪੱਤੇ ਹੀ ਜੀਭਾਂ ਬਣ ਜਾਂਣੇ
ਜੇ ਬੰਦਿਆਂ ਬੁਲ੍ਹਾਂ ਤੇ ਤਾਲਾ ਜੜਿਆ ਹੈ।
ਚਾਰ ਚੁਫੇਰੇ ਕੁਝ ਵੀ ਨਜ਼ਰੀਂ ਆਉਂਦਾ ਨਹੀਂ
ਕਿਸ ਨੇ ਨ੍ਹੇਰੇ ਦਾ ਨਾਂ ਚਾਨਣ ਧਰਿਆ ਹੈ।
ਜੋ ਮਾਰੂ ਦਰਿਆਵਾਂ ਵਿਚੋਂ ਤਰਿਆ ਸੀ,
ਨੈਣਾਂ ਦੇ ਟੋਟਿਆਂ ਵਿਚ ਡੁਬਕੇ ਮਰਿਆ ਹੈ।

ਕਮਰਾ ਨੰ: 29
ਪੀ. ਜੀ. ਹੋਸਟਲ
ਐਨ. ਡੀ. ਆਰ. ਆਈ. ਕਰਨਾਲ

——

ਸਾਡੀ ਕੌਣ ਸੁਣੇਗਾ ?

ਇਕਬਾਲ ਦੀਪ

"ਹਾਂ ਜੀ, ਠੀਕ ਕਹਿੰਦਾ
ਲੋੜਾਂ ਇਹਨਾਂ ਦੀਆ
ਹਨ ਹੀ ਕਿਹੜੀਆਂ
ਪੂਰੀਆਂ ਜੋ ਹੁੰਦੀਆਂ ਨਹੀਂ।
ਇਹ ਤਾਂ ਆਦਤ ਬਣ ਗਈ ਲਗਦੀ
ਮੁੱਢ ਕਦੀਮ ਤੋਂ
ਨਾਅਰੇ ਲਾਉਣ ਦੀ
ਮੰਗਾਂ ਮੰਗਣ ਦੀ
ਐਵੇਂ ਰੋਂਦੇ ਰਹਿਣ ਦੀ।
ਮਨ ਲਉ ਭੁਖਿਆਂ
ਜਾਂ ਅੱਧ-ਭੁਖਿਆਂ
ਉਹ ਕੰਮ ਕਰਦੇ
ਪਫਦਾਂ-ਰਜਿਆਂ ਵੀ ਕੰਮ ਹੁੰਦੇ ?
ਰਜ ਜੇ ਸਾਰੇ ਜਾਵਣ
ਉਸਾਰੀ ਕੌਣ ਕਰੇਗਾ
ਸਾਡੀ ਕੌਣ ਸੁਣੇਗਾ ?

—

ਦੋ ਗ਼ਜ਼ਲਾਂ

ਬਲਦੇਵ ਸਿੰਘ ਰੇਨੂ

1

ਇਸ਼ਕ ਅਸਾਡਾ ਗਹਿਣਾ ਹੈ।
ਅੰਤਾ ਦਾ ਗਮ ਸਹਿਣਾ ਹੈ
ਤਿਤਲੀ ਨੇ ਰਸ ਚੂਸਣ ਨੂੰ
ਫੁਲਾਂ ਤੇ ਹੀ ਬਹਿਣਾ ਹੈ
ਰਾਤੀਂ ਕਾਲੀ ਚਾਦਰ ਤੇ,
ਪਾਉਂਦਾ ਫੁਲ ਟਟਹਿਣਾ ਹੈ
ਰਾਤ ਸਦਾ ਹੀ ਕਾਲੀ ਹੈ
ਦਿਨ ਚਿੱਟਾ ਹੀ ਰਹਿਣਾ ਹੈ
ਲਾਠੀ ਗੋਲੀ ਹੱਥ ਕੜੀ
ਨੇ ਸਾਨੂੰ ਕੀ ਕਹਿਣਾ ਹੈ।
ਕਿਣਮਿਣ 2 ਪਿਛੋਂ ਹੁਣ
ਅੰਤਾਂ ਦਾ ਮੀਂਹ ਪੈਣਾ ਹੈ
ਕੂਲ੍ਹ ਹਮੇਸ਼ਾਂ ਵਗਦੀ ਹੈ
ਪੱਥਰ ਨੇ ਕੀ ਵਹਿਣਾ ਹੈ
ਬੁੱਢੇ ਦਿਨ ਦੀ ਪਗੜੀ ਤੇ
ਸ਼ਾਮੀ ਕੇਸਰ ਪੈਣਾ ਹੈ

ਕਵਿਤਾ

ਗੁਰਭਜਨ ਸਿੰਘ

ਉਹਦੇ ਵਹਿਮ ਨੂੰ ਰਾਤੀਂ ਇਲਹਾਮ ਹੋਇਐ।
ਕਿ ਦਗ਼ਾ ਓਸਦੇ ਨਾਲ ਤਮਾਮ ਹੋਇਐ।
ਘਰ ਵਸਲ ਦੇ ਚਾਹ ਨੇ ਪਾਏ ਫੇਰੇ
ਨਹੀਂ ਮਿਲਣ ਦਾ ਕੋਈ ਇੰਤਜ਼ਾਮ ਹੋਇਐ।
ਖ਼ੂਨ ਨਾਲ ਲਿਖਿਐ ਕੋਰੇ ਦਿਲਾਂ ਉਤੇ
ਮੇਰਾ ਨਾਮ ਏਦਾਂ ਉਹਦੇ ਨਾਮ ਹੋਇਐ।
ਏਧਰ ਰੂਹ ਨੂੰ ਮਸਤੀ ਦੇ ਬੋਲ ਲਗੇ।
ਓਧਰ ਡਰ ਕਿ ਰਾਜ਼ ਬਦਨਾਮ ਹੋਇਐ।
ਉਹਦੀ ਨਜ਼ਰ ਨੇ ਪੁਛਿਆ ਹਰ ਪਾਂਧੀ
ਸਾਡੇ ਪਿਆਰ ਦਾ ਜ਼ਿਕਰ ਕੀ ਆਮ ਹੋਇਐ ?

2

ਮਾਡਰਨ ਗ਼ਜ਼ਲ

ਤੁਹਾਨੂੰ ਵੀ ਦੇਣਾ ਜਵਾਬ ਆ ਗਿਆ
ਜ਼ਮਾਨਾ ਹੁਣ ਬੜਾ ਖਰਾਬ ਆ ਗਿਆ।
ਸੀ ਮੇਰੀ ਹੀ ਮਾਇਆ ਉਹਦੀ ਜੇਬ ਵਿਚ
ਉਹ ਠੇਕੇ 'ਚ ਬਣ ਕੇ ਨਵਾਬ ਆ ਗਿਆ।
ਤੇਰੇ ਗਿਰਦ ਏਵੇਂ ਰਕੀਬਾਂ ਦੀ ਭੀੜ
ਜਿਵੇਂ ਕੜਿਆਂ ਦੇ ਵਿਚ ਗੁਲਾਬ ਆ ਗਿਆ।
ਪਿਲਾਈ ਰਕੀਬਾਂ ਨੂੰ ਤੂੰ ਮਾਪ ਕੇ
ਇਹ ਤੈਨੂੰ ਕਦੋਂ ਦਾ ਹਿਸਾਬ ਆ ਗਿਆ।
ਲਫਾਫੇ ਦੇ ਵਿਚ ਕੋਰਾ ਕਾਗਜ਼ ਹੈ ਬੰਦ
ਮੇਰੀ ਬੇਨਤੀ ਦਾ ਜਵਾਬ ਆ ਗਿਆ।
ਅਸੀਂ ਆ ਗਏ ਓਸ ਦੀ ਯਾਦ ਵਿਚ
ਕੀ ਬਿੱਲੀ ਨੂੰ ਚੂਹੇ ਦਾ ਖਾਬ ਆ ਗਿਆ

ਮਕਾਨ ਨੰਬਰ 883
ਮਹਲਾ ਧੋਬੀਆਂ—ਸਿਰਸਾ

ਸਮਾਂ

ਸਵਰਨ ਖਹਿਰਾ

ਰੰਗਾਂ ਦੀ ਰੁੱਤੇ
ਚੜ੍ਹਦਾ ਸੂਰਜ
ਸਮੇਂ ਦੇ ਵੇਗ 'ਦਰ
ਅਲਸਾਏ ਅੰਗਾਂ 'ਚ ਘੁਲ ਜਾਂਦਾ ਹੈ।
(ਰੰਗਾਂ ਦਾ ਸਨੇਹੀ
ਇਸ ਦੇ ਚਾਨਣ ਕੋਲੋਂ
ਬਚ ਨਾ ਸਕਦਾ)
ਜਦ ਇਹ ਚੜ੍ਹਦਾ
ਹਰ ਕਿਰਨ ਸੋਨ—ਸੁਨਹਿਰੀ,
ਜਦ ਇਹ ਮਘਦਾ,
ਅੰਗ-ਸੰਗ ਤੇਰੇ
ਸੱਖਣੀ-ਸੱਖਣੀ ਜਾਪ ਰਹੀ ਹੈ;
ਸਮੇਂ ਦੀਆਂ ਵਿਰਲਾਂ 'ਚੋਂ
ਇਹ ਕਿਰਨ-ਨਿਮਾਣੀਆਂ ਝਾਕ ਰਹੀ ਹੈ।
ਸੇਕ—ਵਿਹੂਣੇ
ਪੱਥ—ਪ੍ਰਦਸ਼ਕ ਦੇ
ਸੰਗ ਤੁਰ ਕੇ
ਰੰਗ ਸਮੇਂ ਦੇ ਨਾਪ ਰਹੀ ਹੈ
ਚੜ੍ਹਦਾ ਸੂਰਜ
ਆਪਣੇ-ਆਪ ਲਈ ਧੋਖਾ ਬਣ ਤੇ
ਖਾਲੀ ਰੁੱਤੇ
ਮਰ ਚਲਿਆ ਹੈ
ਚੜ੍ਹਦੀ ਰੁੱਤੇ
ਰੰਗ ਸੂਹਜ ਦਾ
ਢਲ ਗਿਆ ਹੈ।

ਸਕੱਤਰ ਪੰਜਾਬੀ ਲੇਖਕ ਸਭਾ
ਖੈਰਾ ਮਜਾ (ਜਲੰਧਰ)

ਗ਼ਜ਼ਲ

"ਪਾਲੀ ਸਮਰਾਏ"

ਗ਼ਮ ਬਰਬਾਦੀ ਦੇ ਸਹਿੰਦਾ ਮੈਂ
ਸਹਿੰਦਾ ਹੀ ਰਹਿ ਗਿਆਂ।
ਸੁਣੀ ਕਿਸੇ ਨਾ ਦਾਸਤਾਂ
ਮੈਂ ਕਹਿੰਦਾ ਹੀ ਰਹਿ ਗਿਆਂ।
ਮੈਂ ਜਾਂਦਾ ਰਿਹਾ ਫ਼ਕੀਰ ਬਣਕੇ
ਮੰਗਣ ਖਰੈਤ ਖੁਸ਼ੀ ਦੀ,
ਤੂੰ ਦੇਂਦਾ ਰਿਹਾ ਪੀੜਾਂ
ਮੈਂ ਲੈਂਦਾਂ ਹੀ ਕਹਿ ਗਿਆਂ।
ਮਿਲੀ ਰੱਤੀ ਵੀ ਨਾ ਥਾਂ।
ਤੇਰੀ ਮਹਿਫ਼ਲ 'ਚ ਮੈਨੂੰ,
ਖਹਿੰਦਾ ਤੇਰੀਆਂ ਦੀਵਾਰਾਂ ਨਾਲ
ਮੈਂ ਖਹਿੰਦਾ ਹੀ ਰਹਿ ਗਿਆਂ।
ਮੈਂ ਸਹਿਦਾਂ ਰਿਹਾ ਅੱਜ ਤੱਕ
ਜ਼ੁਲਮ ਤੇਰੀ ਵਫ਼ਾ ਏ,
ਰਹਿੰਦਾ ਦਿਨੋਂ ਦਿਨ ਮੈਂ
ਰਹਿੰਦਾ ਹੀ ਰਹਿ ਗਿਆ।
ਪਾ ਨਾ ਸਕਿਆ ਕੋਈ ਵੀ
ਕੱਫਣ ਮੇਰੀ ਲਾਸ਼ ਤੇ,
ਮਿਜ਼ਾਰ ਵੀ "ਪਾਲੀ" ਦਾ ਢਹਿੰਦਾ
ਢਹਿੰਦਾ ਹੀ ਰਹਿ ਗਿਆ।

——

ਸ: ਅਜੀਤ ਸਿੰਘ ਜੀ ਨੇ ਜੰਮੂ ਤੋਂ 'ਵਰਿਆਮ' ਨਾਲ ਸਨੇਹ ਜਤਾਉਂਦੇ ਹੋਏ ਆਪਣੇ ਸਪੁਤਰ ਵਰਿਆਮ ਸਿੰਘ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ ਪੰਜੀ ਰੁਪਏ ਘਲੇ ਹਨ--ਧਨਵਾਦ

ਨਮਰਤਾ

—ਪ੍ਰੀਤਮ ਸਿੰਘ ਕਵੀ

'ਨਮਰ' ਦਾ ਕੋਸ਼ਾਂ ਵਿਚ ਅਰਥ ਹੈ : ਝੁਕਿਆ ਹੋਇਆ, ਵਿਨੀਤ, ਨਤ ਆਦਿ। ਇਸ ਭਾਵਨਾ ਨੂੰ ਪ੍ਰਗਟਾਣ ਵਾਲਾ ਸ਼ਬਦ ਹੈ ਨਮਰਤਾ।

ਇਕ ਨੌਜੁਆਨ ਸੰਪਾਦਕ ਮੇਰੇ ਦਫਤਰ ਆਇਆ। ਸਾਹਮਣੇ ਪਈ ਕੁਰਸੀ ਤੇ ਬੈਠਦਿਆਂ ਕਹਿਣ ਲਗਾ : "ਮੈਂ ਤੁਹਾਡੇ ਤੇ ਨਾਰਾਜ਼ ਹਾਂ. ਤੁਹਾਨੂੰ ਪਤਾ ਹੈ ?" ਉੱਤਰ ਸੀ : "ਮੈਨੂੰ ਨਹੀਂ ਪਤਾ, ਪਰ ਕਾਰਨ ?" ਉਸ ਕਿਹਾ : "ਲੱਭੋ।" ਮੈਂ ਆਪਣੇ ਸ਼ਰੋਮਣੀ ਕੰਪਿਊਟਰ ਨੂੰ ਪਲਕ ਵਿਚ ਸਾਰੇ ਹਾਲਾਤ ਪਤਾ ਕਰਨ ਲਈ ਸੁਚੇਤ ਕੀਤਾ। ਉੱਤਰ ਦਿਤਾ ਕਾਰਨ ਇਕੋ ਹੋ ਸਕਦਾ ਏ, ਕਦੇ ਆਇਆਂ ਚਾਹ ਨਹੀਂ ਪੁੱਛੀ ਗਈ ਹੋਣੀ। "ਨਹੀਂ!" ਨੌਜੁਆਨ ਨੇ ਆਖਿਆ "ਤੁਸਾਂ ਮੇਰੀ ਗੱਲ ਨਹੀਂ ਮੰਨੀ।" "ਕਿਹੜੀ ਗੱਲ ?" "ਲੇਖ ਲਿਖਣ ਦੀ।" "ਯਾਦ ਨਹੀਂ ਆਉਂਦਾ ਤੁਸਾਂ ਕਿਹਾ ਹੋਵੇ!"

"ਮੈਂ ਆਖਿਆ ਸੀ।"

"ਫੇਰ ਆਖ ਦਿੰਦੇ!"

"ਨਹੀਂ, ਮੈਂ ਦੂਜੀ ਵਾਰ ਕਦੇ ਨਹੀਂ ਕਿਸੇ ਨੂੰ ਆਖਿਆ।"

ਅਤੇ ਇਸ ਵਾਰਤਾਲਾਪ ਤੋਂ ਪਤਾ ਲਗਾ ਕਿ ਸਾਹਮਣੇ ਬੈਠਾ ਵਿਅਕਤੀ ਰੋਗੀ ਤਬੀਅਤ ਅਥਵਾ ਅਭਿਮਾਨੀ ਹੈ। ਕਿਉਂ ? ਕਿਉਂਕਿ ਜੇ ਉਸ ਨੇ ਮੈਨੂੰ ਕਿਸੇ ਨਾਲ ਗਲ-ਬਾਤ ਕਰਦਿਆਂ ਵਿਚੇ ਹੀ ਆਪਣੀ ਗੱਲ ਤੁਰੇ-ਤੁਰੇ ਜਾਂਦਿਆਂ ਕਹਿ ਦਿਤੀ ਹੋਵੇ ਤਾਂ ਉਸ ਦਾ ਅਣ-ਸੁਣਿਆ ਰਹਿ ਜਾਣਾ ਕੁਦਰਤੀ ਹੈ ਅਤੇ ਜੇ ਸੁਣ ਕੇ ਵੀ ਗੱਲ ਧਿਆਨੋਂ ਲਹਿ ਗਈ ਹੋਵੇ ਫੇਰ ਵੀ ਖਿਮਾ ਯੋਗ ਹੈ। ਪਰ ਜਿਸ ਸਜਣ ਨੇ ਲੇਖ ਲਿਖਣ ਲਈ ਆਖਿਆ ਹੈ, ਉਸ ਨੂੰ ਦੂਜੀ ਵਾਰ ਪੁੱਛਣਾ ਜਾਂ ਕਹਿਣਾ ਉਹਦੇ ਅਭਿਮਾਨ ਨੂੰ ਠੇਸ ਨਹੀਂ ਪੁਚਾਂਦਾ ਸਗੋਂ ਇਹ ਦੋ ਵਧੀਆ ਸਥਿਤੀਆਂ ਪੈਦਾ ਕਰਦਾ ਹੈ। ਇਕ : ਸੰਪਾਦਕ ਨੂੰ ਲੇਖ ਦੀ ਲੋੜ ਹੈ। ਦੂਜੀ : ਸੰਪਾਦਕ ਲੇਖਕ ਦੀ ਕਦਰ ਕਰਦਾ ਹੈ। ਇਸਦੇ ਉਲਟ ਸਥਿਤੀ ਇਹ ਹੈ। ਇਕ : ਲੇਖਕ ਦੀ ਰਚਨਾ ਦੀ ਸੰਪਾਦਕ ਨੂੰ ਲੋੜ ਨਹੀਂ, ਉੱਤੋਂਵਾਲੀ ਦੀ ਕੰਡਿਆਂ ਤੋਂ ਧਰੀਕਿਆ ਹੈ। ਦੂਜੇ : ਸੰਪਾਦਕ ਅਭਿਮਾਨੀ ਹੈ। ਉਹ ਆਪਣੇ ਹੁਕਮ ਨੂੰ ਖ਼ੁਦਾਈ ਹੁਕਮ ਸਮਝਦਾ ਹੈ। ਇਹ ਲੇਖਕ ਦਾ ਫਰਜ਼ ਹੈ ਕਿ ਉਹ ਸੰਪਾਦਕ ਦੇ ਸ਼ਬਦਾਂ ਨੂੰ ਭੁੰਜੇ ਨਾ ਪੈਣ ਦੇਵੇ ਤੇ ਜਦੋਂ ਵੀ ਸੰਪਾਦਕ ਬੋਲੇ, ਭਾਵੇਂ ਉਹ ਲੇਖਕ ਤੋਂ ਉਮਰੋਂ ਛੋਟਾ ਵੀ ਹੋਵੇ, ਉਹਦੇ ਸ਼ਬਦ ਆਦਰ ਅਤੇ ਮੰਨਣ ਯੋਗ ਹਨ।

ਦੂਜੀ ਅਵਸਥਾ ਵਿਚ ਸਿੱਟੇ ਸੁਖਾਵੇਂ ਨਹੀਂ ਨਿਕਲਣਗੇ।

ਏਥੇ ਨਮਰਤਾ ਦੀ ਲੋੜ ਸੀ।

ਅਭਿਮਾਨ ਜੇ ਆਕੜ ਹੈ ਤਾਂ ਨਮਰਤਾ ਝੁਕਾਉ ਹੈ। ਦੂਜੇ ਪ੍ਰਤੀ ਆਦਰ ਦੀ ਭਾਵਨਾ ਰਖਦਿਆਂ ਉਸ ਨੂੰ ਝੁਕ ਕੇ ਪਰਵਾਨ ਕਰਨਾ ਅਥਵਾ ਸਨਮਾਨਣਾ।

ਫਰੀਦ ਜੀ ਨੂੰ ਕਿਸੇ ਇਸਤਰੀ ਪੁਛਿਆ ਉਹ ਕਿਹੜੇ ਗੁਣ ਹਨ ਜਿਨ੍ਹਾਂ ਨਾਲ ਆਪਣੇ ਮਨੁੱਖ ਨੂੰ ਕਾਬੂ ਕੀਤਾ ਜਾ ਸਕੇ ? ਫਰੀਦ ਜੀ ਨੇ ਤਿੰਨ ਗੱਲਾਂ ਦੱਸੀਆਂ :

ਨਿਵਣੁ ਸੁ ਅਖਰੁ, ਖਵਣੁ ਗੁਣੁ
ਜਿਹਬਾ ਮਣੀਆ ਮੰਤੁ।
ਏ ਤ੍ਰੈ ਭੈਣੇ ਵੇਸ ਕਰਿ

ਤਾਂ ਵਸਿ ਆਵੀ ਕੰਤ ।

ਅਰਥਾਤ ਪਹਿਲਾਂ ਤਾਂ ਨਮਰਤਾ ਦੇ ਅਖਰ ਪੜ, ਖਿਮਾ ਕਰਨ ਅਥਵਾ ਸਹਾਰਨ, ਜਰਨ ਦਾ ਗੁਣ ਸਿਖ । ਅਤੇ ਜੀਭ ਦਾ ਮੰਤਰ, ਮਿਠ ਬੋਲੀ ਹੈ—ਇਹਨਾਂ ਤ੍ਰੈ ਗੁਣਾਂ ਦੇ ਧਾਰਨ ਕਰਨ ਨਾਲ ਪਤੀ ਨੂੰ ਵੱਸ ਵਿਚ ਕਰ ਲਏਂਗੀ ।

ਐਨ ਇਹੋ ਗੁਣ ਆਦਮੀਆਂ ਦੀ ਲੋੜ ਵੀ ਹਨ ਦੂਜੇ ਇਸਤਰੀ ਪੁਰਸ਼ਾਂ ਦੇ ਮਨ ਜਿਤਣ ਲਈ ।

ਗੁਰੂ ਨਾਨਕ ਜਦ ਫਕੀਰੀ ਵੇਸ ਵਿਚ ਮੁਲਤਾਨ ਪਹੁੰਚੇ ਤਾਂ ਓਥੋਂ ਦੇ ਪੀਰਾਂ ਨੇ, ਸੰਕੇਤ ਰੂਪ ਵਿਚ, ਦੂੱਧ ਦਾ ਨੱਕੋਨਕ ਭਰਿਆ ਪਿਆਲਾ ਉਨ੍ਹਾਂ ਨੂੰ ਪੇਸ਼ ਕੀਤਾ । ਭਾਵ ਸੀ : ਏਥੇ ਪੀਰਾਂ ਫਕੀਰਾਂ ਦੀ ਕੋਈ ਕਮੀ ਨਹੀਂ ਮੁਲਤਾਨ ਸ਼ਹਿਰ ਪੀਰੀ ਪੁਰ ਹੈ । ਸਤਿਗੁਰੂ ਜੀ ਨੇ ਨਮਰਤਾ ਦਾ ਹਿਰਦੇ ਸਪਰਸ਼ੀ ਉਦਾਹਰਣ ਦੇ ਦਿਤਾ । ਆਪ ਨੇ ਭਰੇ ਹੋਏ ਕਟੋਰੇ ਤੇ ਚੰਬੇਲੀ ਦਾ ਫੁੱਲ ਟਿਕਾਅ ਦਿਤਾ । ਭਾਵ ਜਿਵੇਂ ਦੁੱਧ ਨਾਲ ਭਰਪੂਰ ਕਟੋਰੇ ਉਤੇ ਚੰਬੇਲੀ ਦਾ ਫੂਲ ਤਰਦਾ ਰਹਿ ਸਕਦਾ, ਅਥਵਾਂ ਦੁੱਧ ਉਛਲੇਗਾ ਨਹੀਂ ਉਹ ਵੀ ਇੰਜ ਹੀ ਪੀਰੀ ਪੁਰ ਮੁਲਤਾਨ ਵਿਚ ਉਛਾਲ ਨਹੀਂ ਲਿਆਉਣਗੇ ।

ਇਕ ਹੋਰ ਥਾਂ ਗੁਰੂ ਨਾਨਕ ਦੇਵ ਜੀ ਨੇ ਗੁਣਾਂ ਅਤੇ ਚੰਗਿਆਈਆਂ ਦਾ ਤੱਤ ਦਸਦਿਆਂ ਆਖਿਆ ਹੈ : "ਮਿਠਤੁ; ਨੀਵੀ, ਨਾਨਕਾ ਗੁਣ ਚੰਗਿਆਈਆਂ ਤਤੁ ।"

ਨਮਰਤਾ ਉਸ ਪੱਧਰੀ ਸਟੀਲ ਚੱਦਰ ਵਿਚ ਡੂੰਘਿਆਈ ਵਾਂਗ ਹੈ ਜੁ ਅਨੇਕਾਂ ਬਰਤਨਾਂ ਦੀ ਸ਼ਕਲ ਅਖਤਿਆਰ ਕਰੀ ਵਸਤੂ ਨੂੰ ਸੰਭਾਲਣ ਲਈ ਜਗਾਹ ਪਰਦਾਨ ਕਰਦੀ ਹੈ । ਸਟੀਲ, ਪਿੱਤਲ ਜਾਂ ਲੋਹਾ ਆਦਿ ਧਾਤਾਂ ਦੀ ਚੱਦਰ ਕਿੰਨੀ ਵੀ ਕੀਮਤੀ ਕਿਉਂ ਨਾਂ ਹੋਵੇ ਉਹ ਸਾਡੇ ਕਿਸੇ ਵੀ ਕੰਮ ਦੀ ਨਹੀਂ ਜੇ ਉਹਦੇ ਭਾਂਡੇ ਨਾ ਬਣ ਸਕਣ । ਸਿੱਧੀਆਂ ਪੱਧਰੀਆਂ ਚੱਦਰਾਂ ਤੇ ਪਿਆ ਪਾਣੀ ਤਿਲਕ ਜਾਵੇਗਾ ਸਾਡੀ ਕੋਈ ਮਦਦ ਨਹੀਂ ਕਰਨ ਲਗਾ ਪਰ ਜੇ ਉਸ ਵਿਚ ਡੂੰਘਿਆਈ ਆ ਗਈ, ਝੁਕਾਉ ਹੋ ਗਿਆ, ਖ਼ਮ ਪੈ ਗਿਆ । ਉਹ ਪਾਣੀ, ਦੁੱਧ ਜਾਂ ਹੋਰ ਪਦਾਰਥ ਸੰਭਾਲਣ ਯੋਗ ਬਣ ਗਿਆ ।

ਹੱਥ ਸਡੇ ਕਿੰਨੀ ਕੰਮ ਦੀ ਸ਼ੈ ਹਨ ਪਰ ਜੇ ਇਹ ਜੁੜੇ ਹੋਏ ਜਾਂ ਸਿੱਧੇ-ਸਪਾਟ ਹੀ ਰਹਿਣ ਤਾਂ ਇਹਨਾਂ ਅੰਮ੍ਰਿਤ ਦੀਆਂ ਬੂੰਦਾਂ ਕਿਵੇਂ ਸਵੀਕਾਰਨੀਆਂ ਹਨ ! ਇਹਨਾਂ ਦਾ ਬੁੱਕ ਵਾਂਗ ਬਣਨਾਂ, ਚੁਲੀ ਦੀ ਸ਼ਕਲ ਵਿਚ ਜ਼ਰਾ ਡੂੰਘਿਆਂ ਹੋਣਾ ਹੀ ਸਾਨੂੰ ਅੰਮ੍ਰਿਤ ਚੱਖਣ ਦੇ ਕਾਬਲ ਬਣਾ ਸਕਦਾ ਹੈ ।

ਐਨ ਇਹ ਝੁਕਾਉ ਹੀ, ਮਨ ਦਾ ਆਦਰ ਯੁਕਤ ਖ਼ਮਦਾਰ ਹੋਣਾ ਹੀ ਸਾਨੂੰ ਗੁਣ ਗ੍ਰਾਹੀ ਬਣਾਂਦਾ ਹੈ । ਸ਼ਾਗਿਰਦ ਜੋ ਉਸਤਾਦ ਦੇ ਕਥਨ ਨੂੰ ਧਿਆਨ ਨਾਲ ਸੁਣ ਕੇ ਮਨ ਵਿਚ ਥਾਂ ਨਹੀਂ ਦਿੰਦਾ ਕਦੋਂ ਯੋਗਤਾ ਗ੍ਰਹਿਣ ਕਰ ਸਕੇਗਾ! ਬੰਧੇ ਘੜੇ ਤੇ ਪਾਣੀ ਵਾਂਗ ਦੂਜੇ ਦੀ ਗੱਲ ਨੂੰ ਨਾ ਸੁਣਨ-ਪਰਵਾਨ ਕਰਨ ਵਾਲਾ, ਜ਼ਿੰਦਗੀ ਵਿਚ ਔਖੇ ਜਾਂ ਸੌਖੇ ਸਬਕ ਨਹੀਂ ਸਿਖ ਸਕੇਗਾ । ਜਗਿਆਸੂ ਗੁਰੂ ਕੋਲੋਂ, ਤਲਬਗਾਰ ਦੇਣ ਯੋਗ ਤੋਂ ਤਾਂ ਹੀ ਕੁਝ ਪ੍ਰਾਪਤ ਕਰ ਸਕੇਗਾ ਜੇ ਉਨ੍ਹਾਂ ਲਈ ਸਨਿਮਰ ਅਤੇ ਆਦਰ ਭਰਪੂਰ ਹੋਵੇ ।

ਨਮਰ ਹੋਣ ਦੀ ਅਵਸਥਾ ਲੋਕਾਂ ਨਾਲ ਸਾਡੇ ਸੁਖਾਵੇਂ-ਪਣ ਨੂੰ ਗਾਰੰਟੀ ਕਰਦੀ ਹੈ । ਨਿਰਮਾਣ ਤੇ ਸਨਿਮਰ ਵਿਅਕਤੀ ਦੀ ਹਰ ਥਾਂ ਸ਼ੋਭਾ ਹੁੰਦੀ ਹੈ ਅਤੇ ਅਜਿਹੇ ਲੋਕਾਂ ਲਈ ਘਰਾਂ ਦੇ ਦਰਾਂ ਤੋਂ ਬਿਨਾਂ ਦਿਲਾਂ ਦੇ ਦਰਵਾਜੇ ਵੀ ਖੁਲ੍ਹੇ ਰਹਿੰਦੇ ਹਨ । ਕਦੇ ਤੁਸਾਂ ਸੁਣਿਆ ਹੈ ਕਿਸੇ ਸੁੰਦਰ ਕੁੜੀ ਨੇ ਕਿਸੇ ਅੱਖੜ ਨੂੰ ਆਪਣੇ ਹਿਰਦੇ ਵਿਚ ਥਾਂ ਦਿਤੀ ? ਸੁਹਣੀਆਂ ਔਰਤਾਂ ਸਨਿਮਰ ਆਦਮੀ ਦੀ ਸੰਗਤ ਵਿਚ ਆਉਂਦਿਆਂ ਹੀ ਬਾਗ਼ ਬਾਗ਼ ਹੋ ਜਾਂਦੀਆਂ ਹਨ । ਆਦਰ ਯੁਕਤ ਤੇ ਗ੍ਰਹਿਣ ਕਰਨ ਵਾਲੇ ਜਗਿਆਸੂ ਨੂੰ ਵੇਖਦਿਆਂ ਹੀ ਮਹਾਂ ਪੁਰਸ਼ਾਂ ਦੇ ਅੰਮ੍ਰਿਤ-ਬਚਨ ਝਰਨੇ ਵਾਂਗ ਵਹਿ ਤੁਰਦੇ ਹਨ :

ਨਮਰਤਾ, ਲੋੜਵੰਦਾਂ ਲਈ ਤਾਂ ਅਤਿਅੰਤ ਲੋੜੀਂਦਾ ਗੁਣ ਹੈ ਹੀ ਪਰ ਜਿਸਦੇ ਕੋਲ ਕੁਝ ਹੋਵੇ ਉਸ ਲਈ ਵੀ ਲਾਭਦਾਇਕ ਹੈ । ਕਬੀਰ ਜੀ ਨੇ ਇਕ ਵਾਰ ਆਪਣੇ ਸਿੱਖਾਂ ਨੂੰ ਦੱਸਿਆ ਸੀ ।

ਕਹੁ ਕਬੀਰ, *ਛੂਛਾ ਘਟ ਬੋਲੇ
ਭਰਿਆ ਹੋਇ ਸੁ ਕਬਹੁ ਨਾ ਡੋਲੇ ।

ਬੋਲ ਦਾ ਅਥਵਾ ਅਭਿਮਾਨ ਦਾ ਵਿਖਾਲਾ ਉਹੋ ਕਰਦਾ ਹੈ ਜੁ ਅਜੇ ਊਣਾ ਹੈ—ਭਰਿਆ ਭਾਂਡਾ ਨਾ ਬੋਲਦਾ ਹੈ ਨਾ ਡੋਲਦਾ ਹੈ । ਦੂਜੇ ਬੰਨੇ ਫਲਦਾਰ ਰੁਖ ਫਲ ਪ੍ਰਾਪਤ ਕਰਕੇ ਹਮੇਸ਼ਾਂ ਝੁਕ ਜਾਂਦੇ ਹਨ । ਉਹ ਅਨਜਾਣ, ਸਾਦੀਆਂ ਟਹਿਣੀਆਂ ਉਤਨਾ ਚਿਰ ਹੀ ਸਿੱਧੀ ਸਾਵੀਂ ਸਥਿਤੀ ਵਿਚ ਬਣੀਆਂ ਰਹਿੰਦੀਆਂ ਹਨ ਜਦ ਤਕ ਉਹਨਾਂ ਨੂੰ ਫਲ ਦੀ ਡੋਡੀ ਨਹੀਂ ਲਗਹੀ ਅਤੇ ਜਿਉਂ ਹੀ ਫਲ ਪੈਣਾ, ਵਧਣਾ ਤੇ ਭਰ-

*(ਊਣਾ ਬਰਤਨ)

ਪੂਰ ਹੋਣਾ ਸ਼ੁਰੂ ਹੋ ਗਿਆ ਟਹਿਣੀਆਂ ਦਾ ਝੁਕਾਉ ਵੀ ਜਾਰੀ ਹੋ ਜਾਂਦਾ ਹੈ ਸਤਿਗੁਰੂਆਂ ਕਿਹਾ ਹੈ :

ਨਿਵੈ ਸੁ ਗਉਰਾ ਹੋਇ ।

ਰੋਜ਼ ਵੇਖਦੇ ਹਾਂ ਤੱਕੜੀ ਦਾ ਉਹੋ ਛਾਬਾ ਝੁਕਦਾ ਹੈ ਜਿਸ ਵਿਚ ਕੁਝ ਪਿਆ ਹੋਵੇ ।

ਇਸ ਲਈ ਪ੍ਰਾਪਤੀ ਕਰਨ ਵਾਸਤੇ ਅਤੇ ਪ੍ਰਾਪਤੀ ਬਾਅਦ ਵੀ ਸਾਡਾ ਮਾਨਿਸਕ ਝੁਕਾਅ ਭਾਵ ਨਮਰਤਾ ਬਣੀ ਹੀ ਰਹਿਣੀ ਚਾਹੀਦੀ ਹੈ ਅਤੇ ਸਨਿਮਰ-ਆਦਮੀ ਨੂੰ ਜ਼ਿੰਦਗੀ ਵਿਚ ਕਦੇ ਵੀ ਕੋਈ ਮੁਸ਼ਕਲ ਨਹੀਂ ਆਉਂਦੀ ਪਰ ਜੇ ਆ ਹੀ ਜਾਵੇ ਤਾਂ ਉਸਦਾ ਵਿਸਤਾਰ ਨਹੀਂ ਹੁੰਦਾ, ਛੇਤੀ ਹੀ ਕੋਈ ਨ ਕੋਈ ਨਿਵਾਰਕ ਮਿਲ ਪੈਂਦਾ ਹੈ ।

ਬਾਲ ਗੰਗਾਧਰ ਤਿਲਕ ਨੇ ਇਕ ਥਾਂ ਲਿਖਿਆ ਹੈ "ਨਿਮਰਤਾ, ਪ੍ਰੇਮ ਭਰੇ ਵਿਵਹਾਰ ਤੇ ਸਹਿਨਸ਼ੀਲਤਾ ਨਾਲ ਮਨੁਖ ਤਾਂ ਕੀ ਦੇਵਤੇ ਵੀ ਤੁਹਾਡੇ ਵੱਸ ਵਿਚ ਹੋ ਜਾਂਦੇ ਹਨ। ਸ਼ੇਖ ਸਾਅਦੀ ਦਾ ਕਥਨ ਹੈ : ਸਿਆਣਾ ਆਦਮੀ ਹਲੀਮੀ ਵਰਤਦਾ ਹੈ ਜਿਵੇਂ ਫਲ ਲੱਦੀ ਟਹਿਣੀ ਧਰਤੀ ਵਲ ਝੁਕਦੀ ਹੈ ।

ਪੁਰਾਣੇ ਬਾਦਸ਼ਾਹਾਂ ਤੇ ਗੁਰੂਆਂ ਦੀ ਤੁਲਨਾ ਸਾਡੇ ਭਾਵ ਨੂੰ ਹੋਰ ਸਪਸ਼ਟ ਕਰੇਗੀ । ਬਾਦਸ਼ਾਹਾਂ ਵਿਚ ਨਮਰਤਾ ਹੋਣੀ ਤੇ ਰਹਿ ਸਕਣੀ ਇਕ ਕਠਿਨ ਗੱਲ ਹੈ, ਉਹ ਤਾਂ ਮਾਣ-ਅਭਿਮਾਨ ਦੇ ਘੋੜੇ ਤੇ ਹੀ ਸਵਾਰ ਰਹਿੰਦੇ ਹਨ ਪਰ ਸਤਿ-ਗੁਰੂ ਤਾਂ ਉਸਰਦੇ ਹੀ ਨਮਰਤਾ ਦੀ ਵਰਤੋਂ ਨਾਲ ਹਨ । ਕਦੇ ਕਦੇ, ਜਦੋਂ ਅਭਿਮਾਨ ਨਮਰਤਾ ਦੀ ਚੱਟਾਨ ਨੂੰ ਟਕਰਾਂਦਾ ਹੈ ਤਾਂ ਨਮਰਤਾ ਬੁਜ਼ਦਿਲ ਨਹੀਂ ਹੁੰਦੀ ਸਗੋਂ ਦ੍ਰਿੜ੍ਹ ਤੇ ਅਹਿੱਲ ਖਲੋਕੇ ਅਭਿਮਾਨ ਦੇ ਹਰ ਵਾਰ ਨੂੰ ਸਥਿਰ ਭਾਵ ਨਾਲ ਕਬੂਲ ਕਰਦੀ ਹੈ ਅਤੇ ਅਜਿਹੇ ਸਮੇਂ ਜਿੱਤ ਸਦਾ ਨਮਰਤਾ ਦੀ ਹੁੰਦੀ ਹੈ । ਜੇ ਵਕਤੀ ਤੌਰ ਤੇ ਸਰਮੱਦ ਦਾ ਸਿਰ ਕਲਮ ਹੋਣਾ, ਯਸੂ ਦਾ ਸੂਲੀ ਚੜ੍ਹਨਾ, ਨਾਨਕ ਦਾ ਚੱਕੀਆ ਪੀਹਣਾ ਗੁਰੂ ਅਰਜਨ ਤੇ ਤੇਗ ਬਹਾਦਰ ਜੀ ਦਾ ਸ਼ਹੀਦ ਹੋ ਜਾਣਾ, ਗੁਰੂ ਰਾਮ ਸਿੰਘ ਦਾ ਦੇਸ਼ ਨਿਰਵਾਸਤ ਹੋਣਾ ਵਾਪਰ ਵੀ ਜਾਵੇ ਤਾਂ ਅਜਿਹੀਆਂ ਦੀ ਕੁਰਬਾਨੀ ਲੋਕ-ਮਨਾਂ ਉਤੇ ਸਦੀਵੀ ਛਾਪ ਛੱਡ ਜਾਂਦੀ ਹੈ । ਅਭਿਮਾਨੀ ਤੇ ਜ਼ਾਲਿਮ ਬਾਦਸ਼ਾਹ ਮਰ ਜਾਂਦੇ ਹਨ ਅਤੇ ਸਨਿਮਰ ਵਿਅਕਤੀ ਅਮਰ ਹੋ ਜਾਂਦੇ ਹਨ —ਉਹਨਾਂ ਦੀ ਯਾਦ ਵਿਚ ਜ਼ਿੰਦਗੀ ਜਨਮ ਦਿਨ, ਸ਼ਹੀਦੀ ਦਿਵਸ ਤੇ ਸ਼ਤਾਬਦੀਆਂ ਮਨਾਂਦੀ ਹੈ ।

ਜਿਸ ਮਨੁਖ ਨੂੰ ਵੀ ਉਚੇ ਹੋਣ, ਹਕੀਕੀ ਵੱਡਾ ਬਣਨ ਦੀ ਰੀਝ ਹੋਵੇ ਉਸ ਨੂੰ ਨਮਰਤਾ ਦੇ ਅੰਸ਼ ਆਪਣੇ ਅੰਦਰ ਪਰਫੁਲਤ ਕਰਦੇ ਰਹਿਣਾ ਚਾਹੀਦਾ ਹੈ ਅਤੇ ਹਰ ਔਖੇ ਅਵ-ਸਰ ਤੇ ਆਪਣੀ ਨਮਰਤਾ ਨੂੰ ਪਰਖਕੇ ਰਹਿਣਾ ਚਾਹੀਦਾ ਹੈ। ਕਈ ਵਾਰ ਅਸੀਂ ਆਪਣੇ ਮਨੋਰਥ ਤੋਂ ਥਿੜਕ ਵੀ ਸਕਦੇ ਹਾਂ ਪਰ ਆਪਾ-ਪੜਚੋਲ ਕਰਨ ਤੋਂ ਪਤਾ ਲਗ ਜਾਵੇਗਾ ਕਿ ਅਸੀਂ ਕਿਥੋਂ ਤੇ ਕਿਵੇਂ ਗਲਤ ਹੋ ਗਏ ।

ਸਾਵਧਾਨ, ਨਮਰਤਾ ਦਾ ਭਾਵ ਕਾਇਰ ਹੋਣਾ ਨਹੀਂ । ਜਦੋਂ ਸਵੈਮਾਣ ਨੂੰ ਚੋਟ ਲਗਦੀ ਹੋਵੇ ਉਹਦਾ ਸਾਹਮਣਾ ਕਰਨਾ ਜ਼ਰੂਰੀ ਹੈ, ਪਰ ਤਦ ਵੀ ਨੰਮਰ ਸਾਧਨ ਵਰਤਣੇ ਹੋਣਗੇ । ●

ਕਰ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ
ਨਾਨਕ ਈਹਾ ਮੁਕਤ ਆਗੈ ਸੁਖ ਪਾਵੈ ।
—ਗੁਰੂ ਅਰਜਨ ਦੇਵ

ਨੇਕੀ ਨਿਮਰਤਾ, ਨਿਊਣ, ਨਿਰਮਾਨ ਸੇਵਾ
ਚਾਰੇ ਵੇਸ ਨੇ ਸਾਈਂ ਰਿਝਾਣ ਵਾਲੇ ।
—ਚਾਤ੍ਰਿਕ

ਟੈਗੋਰ, ਇਕਬਾਲ ਤੇ ਵੀਰ ਸਿੰਘ

ਕਿਸ਼ਤ ਨੰ: 1 —ਸ: ਸੋਹਨ ਸਿੰਘ ਜੋਸ਼

ਸਾਡੇ ਤਿੰਨੇ ਡਾਕਟਰ—ਡਾ: ਰਾਬਿੰਦਰਾ ਨਾਥ (1861-1941), ਡਾ: ਮੁਹੰਮਦ ਇਕਬਾਲ (1873-1938) ਅਤੇ ਡਾਕਟਰ ਵੀਰ ਸਿੰਘ (1872-1957) ਸਮਕਾਲੀ ਸਾਹਿਤਕਾਰ ਸਨ। ਉਹਨਾਂ ਨੇ ਆਪਣੀ ਆਪਣੀ ਵਿੱਤ ਅਨੁਸਾਰ ਸਾਹਿਤ ਕਲਾ ਲਈ ਬੜੀ ਘਾਲਣਾ ਘਾਲੀ ਅਤੇ ਜੀਉਂਦੇ ਜੀ ਹੀ ਬੜੀ ਪ੍ਰਸਿਧੀ ਹਾਸਲ ਕੀਤੀ। ਇਹ ਤਿੰਨੇ ਕਵੀ ਵੀ ਸਨ ਅਤੇ ਵਾਰਤਕ ਲੇਖਕ ਵੀ। ਇਹਨਾਂ ਨੇ ਆਪਣੇ ਆਪਣੇ ਸਾਹਿਤਕ ਖੇਤਰ ਵਿਚ ਨਵੇਂ ਤੇ ਅਮਿਟਵੇਂ ਪੂਰਨੇ ਪਾਏ। ਆਪਣੀਆਂ ਬੋਲੀਆਂ ਨੂੰ ਬਲਵਾਨ ਤੇ ਧਨਵਾਨ, ਵਿਸ਼ਾਲ ਤੇ ਗੰਭੀਰ ਬਣਾਇਆ ਅਤੇ ਚਿੰਤਨ ਦੇ ਖ਼ਜ਼ਾਨੇ ਵਿਚ ਵੀ ਬਹੁਤ ਕੁਝ ਨਵਾਂ ਤੇ ਸਜਰਾ ਪਾਇਆ। ਸਾਹਿਤਕ ਸਿਰਜਨਾ ਦੇ ਇਤਿਹਾਸ ਵਿਚ ਇਹਨਾਂ ਦਾ ਨਾਮ, ਥੱਲੇ ਲਕੀਰ ਖਿੱਚ ਕੇ ਲਿਖਿਆ ਜਾਂਦਾ ਰਹੇਗਾ।

ਇਹਨਾਂ ਦੀ ਜ਼ਿੰਦਗੀ ਦੇ ਦੌਰਾਨ ਹਿੰਦੁਸਤਾਨ ਗੁਲਾਮ ਸੀ ਅਤੇ ਅੰਗਰੇਜ਼ ਰਾਜ ਦਾ ਏਥੇ ਵਾਰਾ-ਪਹਿਰਾ ਸੀ। ਇਹ ਸੀ ਉਸ ਵੇਲੇ ਦਾ ਮੁੱਖ ਯਥਾਰਥ। ਬਦੇਸ਼ੀ ਗੁਲਾਮੀ ਦੇ ਖ਼ਿਲਾਫ਼ ਨਫ਼ਰਤ, ਗੁੱਸੇ ਤੇ ਘੋਲਾਂ ਦਾ ਉਗਮਣਾ ਇਸ ਸਮੇਂ ਇਕ ਕੁਦਰਤੀ ਤੇ ਸੁਭਾਵਿਕ ਗੱਲ ਸੀ। ਇਸ ਲਈ ਗੁਲਾਮੀ ਦੇ ਖ਼ਿਲਾਫ਼ ਦੇਸ਼ ਵਿਚ ਲਹਿਰਾਂ ਉਠੀਆਂ। ਇਹਨਾਂ ਲਹਿਰਾਂ ਨੇ ਕਦੇ ਆਜ਼ਾਦੀ ਹਾਸਲ ਕਰਨ ਦੀਆਂ ਖੁਲ੍ਹੀਆਂ ਗੱਲਾਂ ਕੀਤੀਆਂ ਅਤੇ ਕਦੇ ਤਸ਼ੱਦਦ ਦਾ ਮੁਕਾਬਲਾ ਕਰਨ ਲਈ ਲੁੱਕ ਛਿਪ ਕੇ ਅੰਦਰਖਾਨੇ ਵਿਉਂਤਾਂ ਗੁੰਦੀਆਂ। ਇਸ ਵੇਲੇ ਦਾ ਮੁਖ ਸਵਾਲ ਗੁਲਾਮੀ ਨੂੰ ਦੇਸ਼ੋਂ ਕਢਣਾ ਅਤੇ ਆਜ਼ਾਦੀ ਹਾਸਲ ਕਰਨਾ ਸੀ। ਸਾਹਿਤਕਾਰ ਦਾ ਕੋਮਲ ਤੇ ਦਰਦਮੰਦ ਦਿਲ ਨਾ ਤਾਂ ਕਿਸੇ ਕਿਸਮ ਦੇ ਬੰਧਨ ਹੀ ਬਰਦਾਸ਼ਤ ਕਰ ਸਕਦਾ ਹੈ, ਅਤੇ ਨਾ ਗੁਲਾਮੀ ਦੇ ਜਬਰ ਜ਼ੁਲਮ ਨੂੰ ਹੀ ਸਹਿ ਸਕਦਾ ਹੈ। ਉਸ ਦੇ ਦਿਲ ਦੀ ਤੜਪ ਸ਼ਬਦਾਂ ਦਾ ਰੂਪ ਧਾਰ ਕੇ ਗੁਲਾਮੀ ਤੇ ਲਾਅਨਤ ਪਾਉਂਦੀ ਹੈ ਅਤੇ ਉਸ ਦੀ ਉਭਾਰਵੀਂ ਵਾਰਤਕ ਜਾਂ ਗਰਜਵੀਂ ਕਵਿਤਾ ਲੋਕਾਂ ਨੂੰ ਸੁਚੇਤ ਕਰਕੇ ਗੁਲਾਮੀ ਦੇ ਵਿਰੁਧ ਲੜਨ ਲਈ ਮੈਦਾਨ ਵਿਚ ਲਿਆਉਂਦੀ ਹੈ: ਇਹਨਾਂ ਸਾਹਿਤਕਾਰਾਂ ਦਾ ਰੋਲ ਅਸੀਂ ਗੁਲਾਮੀ-ਆਜ਼ਾਦੀ ਦੇ ਇਸ ਯਥਾਰਥ ਵਿਚ ਰੱਖ ਕੇ ਹੀ ਬਿਆਨ ਕਰਾਂਗੇ। ਇਸ ਛੋਟੇ ਜਹੇ ਲੇਖ ਵਿਚ ਉਹਨਾਂ ਦੇ ਸਾਹਿਤ ਦੀ ਪੂਰਣ ਜੋਖ ਪਰਖ ਮੁਸ਼ਕਲ ਹੀ ਨਹੀਂ, ਅਸੰਭਵ ਹੈ।

ਇਸ ਲਈ ਇਸ ਲੇਖ ਦਾ ਦਾਇਰਾ ਸੀਮਿਤ ਹੈ। ਅਸੀਂ ਖੋਜ ਕਰਾਂਗੇ ਕਿ ਇਹਨਾਂ ਲੇਖਕਾਂ ਨੇ ਆਪਣੀ ਆਪਣੀ ਕਲਮ ਨਾਲ ਆਜ਼ਾਦੀ ਦੀ ਲੜਾਈ ਵਿਚ ਕੀ ਰੁਖ ਧਾਰਨ ਕੀਤਾ, ਆਜ਼ਾਦੀ ਨਾਲ ਸੰਬੰਧਤ ਮਸਲਿਆਂ ਦੇ ਸਬੰਧ ਵਿਚ ਕੀ ਰੋਲ ਅਦਾ ਕੀਤਾ ਅਤੇ ਗੁਲਾਮੀ ਦੀ ਜਕੜ ਤੋੜਨ ਤੇ ਦੇਸ਼ ਦਾ ਸਾਹ ਮੋਕਲਾ ਤੇ ਸੁਖਾਲਾ ਕਰਨ ਵਿਚ ਕੀ ਹਿੱਸਾ ਪਾਇਆ। ਇਹ ਹਿੱਸਾ ਇਹਨਾਂ ਨੇ ਕਿਸੇ ਲਹਿਰ ਵਿਚ ਸ਼ਾਮਲ ਹੋ ਕੇ ਨਹੀਂ ਪਾਇਆ ਤਾਂ ਨਾ ਸਹੀ ਆਪਣੀ ਰਚਨਾ ਰਾਹੀਂ ਤਾਂ ਪਾਇਆ ਹੋਵੇਗਾ—ਅਸੀਂ ਓਸੇ ਦਾ ਏਥੇ ਮੁੱਲ ਪਾਉਣ ਦਾ ਯਤਨ ਕਰਾਂਗੇ।

ਇਹ ਤਿੰਨੇ ਹੀ ਸਾਹਿਤਕਾਰ ਇਸ ਨਿਰੋਈ ਗੱਲ ਤੇ ਸਹਿ-ਮਤ ਸਨ ਕਿ 'ਕਲਾ ਵਾਸਤੇ ਕਲਾ' ਦਾ ਨਾਅਰਾ ਥੋਥਾ ਹੈ। ਇਹਨਾਂ ਨੇ ਇਸ ਤੇ ਅਮਲ ਨਹੀਂ ਕੀਤਾ ਸਗੋਂ ਕਲਾ ਨੂੰ

ਆਪਣੇ ਵਿਚਾਰਾਂ ਦੇ ਪ੍ਰਗਟਾਅ ਦਾ ਮਾਧਿਅਮ ਬਣਾਇਆ ਹੈ ਅਤੇ ਆਪਣੇ ਆਪਣੇ ਤਰੀਕੇ ਨਾਲ ਦੇਸ਼ ਵਿਚ ਸਮਾਜੀ ਜਾਗਰਤ ਲਿਆਣ ਦਾ ਹੀਲਾ ਕੀਤਾ ਹੈ। ਇਹ ਹੀਲਾ, ਸਾਹਿਤਕਾਰ ਦੀ ਹਿੰਮਤ ਤੇ ਵਿੱਤ ਅਨੁਸਾਰ ਕਮਜ਼ੋਰ ਜਾਂ ਜ਼ੋਰਦਾਰ ਹੋ ਸਕਦਾ ਹੈ। ਪਰ ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਤਿੰਨੇ ਹੀ ਸਾਹਿਤਕਾਰ ਕਲਾ ਤੇ ਜ਼ਿੰਦਗੀ ਵਿਚਕਾਰ ਕਿਸੇ ਪਾੜ ਨੂੰ ਸਵੀਕਾਰ ਨਹੀਂ ਕਰਦੇ, ਸਗੋਂ ਆਪਣੀ ਆਪਣੀ ਸੂਝ ਤੇ ਚੇਤਨਾ ਅਨੁਸਾਰ ਸਮਾਜ ਵਿਚ ਤਬਦੀਲੀ ਲਿਆਣਾ ਚਾਹੁੰਦੇ ਹਨ।

ਇਕ ਗੱਲ ਹੋਰ। ਵਿਆਖਿਆਕਾਰ ਦਾ ਕੰਮ ਸੁਖਾਲਾ ਹੁੰਦਾ ਹੈ: ਕਲਾਕਾਰ ਦੇ ਹਾਂਦਰੂ ਪਹਿਲੂਆਂ ਨੂੰ ਉਜਾਗਰ ਕਰਨਾ: ਆਲੋਚਕ ਦਾ ਕੰਮ ਮੁਸ਼ਕਲ ਹੁੰਦਾ ਹੈ, ਉਸ ਦਾ ਕੰਮ ਨਿਰਾ ਹਾਂਦਰੂ ਪਹਿਲੂ ਨੂੰ ਹੀ ਵੇਖਣਾ ਨਹੀਂ ਨਾਂਹਦਰੂ ਪਹਿਲੂਆਂ ਨੂੰ, ਸਗੋਂ, ਵਧੇਰੇ ਉਘਾੜ ਕੇ ਉਜਾਗਰ ਕਰਨਾ ਹੁੰਦਾ ਹੈ। ਇਹ ਵੇਖਣਾ ਹੁੰਦਾ ਹੈ ਕਿ ਕਲਾਕਾਰ ਆਪਣੇ ਵਕਤ ਦੇ ਯਥਾਰਥ ਨਾਲ ਅੱਖ ਮਿਲਾ ਕੇ ਚਲਦਾ ਹੈ ਜਾਂ ਉਸ ਤੋਂ ਕੰਨੀ ਕਤਰਾਂਦਾ ਹੈ, ਉਸ ਸਥਾਪਤੀ ਦੀ ਹਮਾਇਤ ਕਰਦਾ ਹੈ ਜਾਂ ਮੁਖ਼ਾਲਫਤ, ਉਸ ਦੇ ਰਾਜ, ਸਮਾਜ ਤੇ ਕੁਦਰਤ ਬਾਰੇ ਕੀ ਵਿਚਾਰ ਹਨ। ਨਿਰੋਈ ਆਲੋਚਨਾ ਦਾ ਕੰਮ ਸੱਚ ਨਿਤਾਰਨਾ ਹੈ, ਹਲ ਤੇ ਮੰਡਾ ਮੰਡਾ ਰਖਣਾ ਨਹੀਂ। ਆਲੋਚਨਾ ਕਿਸੇ ਦੀਆਂ ਤੀਉੜੀਆਂ ਜਾਂ ਲਾਲ ਡਰਾਊ ਅੱਖਾਂ ਦੀ ਪਰਵਾਹ ਨਹੀਂ ਕਰਦੀ।

ਇਹਨਾਂ ਲੇਖਕਾਂ ਦੀ ਰਚਨਾ ਬੜੀ ਵਿਸਤ੍ਰਿਤ ਤੇ ਬਹੁ-ਪੱਖੀ ਹੈ। ਇਸ ਤੇ ਬੜੇ ਗਰੰਥ, ਅਭਿਨੰਦਨ ਗਰੰਥ ਲਿਖੇ ਗਏ ਹਨ। ਇਸ ਛੋਟੇ ਜਿਹੇ ਲੇਖ ਵਿਚ ਇਹਨਾਂ ਨਾਲ ਪੂਰਾ ਇਨਸਾਫ ਕਰ ਸਕਣਾ ਅਸੰਭਵ ਹੈ।

1. ਟੈਗੋਰ

ਟੈਗੋਰ ਦਾ ਜਨਮ ਇਕ ਜਾਗੀਰਦਾਰ ਘਰਾਣੇ ਵਿਚ ਹੋਇਆ। ਉਸ ਦਾ ਪਿਤਾ ਬ੍ਰਹਮੂ ਸਮਾਜ ਦਾ ਸਮਰਥਕ ਤੇ ਆਗੂ ਸੀ। ਉਹ ਹਿੰਦੂ ਧਰਮ ਤੇ ਇਸਲਾਮ ਬਾਰੇ ਡੂੰਘੀ ਜਾਣਕਾਰੀ ਰਖਦਾ ਸੀ ਅਤੇ ਉਪਨਿਸ਼ਦਾਂ ਤੇ ਹਾਫ਼ਿਜ਼ ਪੜ੍ਹਨ ਦਾ ਬੜਾ ਆਸ਼ਕ ਸੀ। ਹਿੰਦੂ ਪ੍ਰੰਪਰਾ ਨੂੰ ਉਹ ਪੜਚੋਲਕ ਨਜ਼ਰ ਨਾਲ ਵੇਖਦਾ ਸੀ ਅਤੇ ਪੱਛਮੀ ਵਿਚਾਰਾਂ ਤੋਂ ਪ੍ਰਭਾਵਿਤ ਸੀ। ਉਹ ਅੰਗਰੇਜ਼ੀ ਬੋਲੀ ਤੇ ਪੜ੍ਹਨ ਤੇ ਨਵੇਂ ਵਿਚਾਰਾਂ ਦੇ ਜਾਨਣ ਦਾ ਬੜਾ ਇਛੁੱਕ ਸੀ। ਇਹ ਸੀ ਵਾਤਾਵਰਣ ਜਿਸ ਵਿਚ ਟੈਗੋਰ ਨੇ ਪਰਵਰਿਸ਼ ਪਾਈ।

ਟੈਗੋਰ ਨੇ ਮੁਢਲੀ ਵਿਦਿਆ ਘਰ ਵਿਚ ਹੀ ਹਾਸਲ ਕੀਤੀ। ਰੁਪਏ ਪੈਸੇ ਦੀ ਪਰਵਾਹ ਨਹੀਂ ਸੀ। ਘਰ ਵਿਚ ਚੰਗੇ ਤੋਂ ਚੰਗੇ ਟੀਚਰ ਰਖੇ ਗਏ ਜਿਨ੍ਹਾਂ ਨੇ ਉਸਨੂੰ ਮਨ ਲਾ ਕੇ ਬੰਗਲਾ, ਸੰਸਕ੍ਰਿਤ ਅਤੇ ਅੰਗਰੇਜ਼ੀ ਪੜ੍ਹਾਈ। ਉਹ ਉਚੇਰੀ ਵਿਦਿਆ ਹਾਸਲ ਕਰਨ ਲਈ ਇੰਗਲੈਂਡ ਵੀ ਗਏ ਅਤੇ ਪੱਛਮੀ ਵਿਚਾਰਾਂ ਤੋਂ ਚੰਗੇ ਪ੍ਰਭਾਵਿਤ ਹੋ ਕੇ ਮੁੜੇ। ਉਹ ਪੱਛਮੀ ਸਭਿਆਚਾਰ ਦੀ ਨਕਲ ਕਰਨ ਤੇ ਸਖਤ ਖ਼ਿਲਾਫ਼ ਸਨ ਅਤੇ ਇਸ ਦੇ ਜੀਵਨ-ਢੰਗ ਦੇ ਗ੍ਰਹਿਣ ਕਰਨ ਦੀ ਬੜੀ ਵਿਰੋਧਤਾ ਕਰਦੇ ਸਨ।

ਟੈਗੋਰ ਨੇ ਸੋਲ੍ਹਾਂ ਸਾਲ ਦੀ ਉਮਰ ਵਿਚ ਹੀ ਕਵਿਤਾ ਲਿਖਣੀ ਸ਼ੁਰੂ ਕਰ ਦਿਤੀ ਸੀ। ਉਸ ਦੀਆਂ ਮੁਢਲੀਆਂ ਕਵਿਤਾਵਾਂ ਵਿਚ ਹੀ ਗੁਲਾਮੀ ਦੇ ਖ਼ਿਲਾਫ਼ ਪਰੋਟੈਸਟ, ਜ਼ੁਲਮ ਦੀ ਨਿਖੇਧੀ ਅਤੇ ਮਨੁੱਖ ਦੀ ਆਜ਼ਾਦੀ ਦੇ ਜਜ਼ਬਿਆਂ ਦਾ ਇਜ਼ਹਾਰ ਹੁੰਦਾ ਹੈ। ਪਹਾੜ ਨੂੰ ਸੰਬੋਧਨ ਕਰਕੇ ਉਹ ਲਿਖਦਾ ਹੈ:—

"ਓ ਪਹਾੜ, ਜੋ ਕੁ ਕੁਛ ਤੂੰ ਵੇਖਿਆ ਹੈ, ਜੋ ਕੁਛ ਤੂੰ ਅੱਜ ਤੱਕ ਰਿਹਾ ਹੈਂ, ਕੀ ਇਹ ਤੈਨੂੰ ਕੰਬਣੀ ਨਹੀਂ ਛੇੜਦੇ? ਮਨੁੱਖ ਦੀ ਦੁਨੀਆ ਵਿਚ ਕਿੰਨੀ ਆਹਾਂ-ਭਰੀ ਬੇਚੈਨੀ, ਖੂਨ ਖਰਾਬਾ, ਜ਼ੁਲਮ, ਪਾਪ ਦੀ ਹਨੇਰੀ—ਇਹ ਸਭ ਮਨੁੱਖ ਦੇ ਮਨ ਨੂੰ ਹਰ ਦਿਨ ਜ਼ਹਿਰ ਨਾਲ ਕਾਲਾ ਬਣਾਂਦੇ ਹਨ। ਕਰੋੜਾਂ ਲੋਕ ਹਨੇਰੇ ਘੋਰਨਿਆਂ ਵਿਚ ਪਏ ਗੁਲਾਮੀ ਵਿਚ ਕੁਚਲੇ ਹੋਏ, ਕੈਦ ਵਿਚ ਜਕੜੇ ਹੋਏ ਅਸਮਾਨ ਦੇ ਕੰਨ ਦਰਦ-ਭਰੀ ਚੀਕ ਨਾਲ ਭਰਦੇ ਹਨ...ਵਹੀਰਾਂ ਦੇ ਅਮਨ ਤੇ ਅਜ਼ਾਦੀ, ਤਾਕਤ ਦੇ ਖੂਨੀ ਕਦਮਾਂ ਥੱਲੇ ਕੁਚਲੇ ਜਾਂਦੇ ਹਨ ਅਤੇ ਅਜੇ ਵੀ ਇਹ ਜ਼ਾਲਮ ਇਨਸਾਨ ਹੋਣ ਦਾ ਦਾਅਵਾ ਕਰਦੇ ਹਨ, ਸਭਿਅਕ ਹੋਣ ਦੀ ਸ਼ੇਖੀ ਮਾਰਦੇ ਹਨ।...... ਕਦੋਂ, ਏ ਈਸ਼ਵਰ, ਇਹ ਰਾਤ ਮੁੱਕੇਗੀ"? ਵਗੈਰਾ।

ਟੈਗੋਰ ਦੇ ਪਿਤਾ ਨੇ ਕੁਛ ਸਾਲਾਂ ਲਈ ਉਸ ਨੂੰ ਆਪਣੀ ਜਾਗੀਰਦਾਰੀ ਦੀ ਵੇਖ ਭਾਲ ਲਈ ਪਬਨੇ (ਹੁਣ ਬੰਗਲਾ ਦੇਸ਼) ਵਿਚ ਮੈਨੇਜਰ ਦੇ ਤੌਰ ਤੇ ਭੇਜ ਦਿੱਤਾ ਸੀ। ਏਥੇ ਉਸਨੇ ਕੁਦਰਤ ਦੀਆਂ ਰੰਗੀਨੀਆਂ ਦਾ ਅਧਿਐਨ ਕੀਤਾ। ਆਮ ਲੋਕਾਂ ਦੀ ਗੰਦੀ ਰਹਿਣੀ ਸਹਿਣੀ ਭੈੜੀ ਖ਼ੁਰਾਕ, ਲੀਰਾਂ-

ਵਗਦੀ ਗਰੀਬੀ ਤੇ ਜਹਾਲਤ ਨਾਲ ਉਸਦਾ ਵਾਸਤਾ ਪਿਆ। ਪਦਮਾ ਦਰਿਆ ਦੇ ਮਲਾਹਾਂ, ਉਹਨਾਂ ਦੇ ਦਰਦ-ਭਰੇ ਗੀਤਾਂ, ਪੇਂਡੂ ਜੀਵਨ ਦੇ ਨਿਘਾਰ ਨੂੰ ਉਸ ਅੱਖੀਂ ਵੇਖਿਆ ਤੇ ਕੰਨੀ ਸੁਣਿਆ। ਇਕ ਕੋਮਲ ਤੇ ਕਵੀ ਦਿਲ ਤੇ ਇਸ ਦੁਰਦਸ਼ਾ ਦਾ ਅਸਰ ਪੈਣਾ ਸੁਭਾਵਿਕ ਸੀ। ਇਸ ਲਈ ਉਸ ਦੀ ਕਵਿਤਾ ਵਿਚੋਂ ਦੁਖੀਆਂ ਦੀ ਦਰਦ-ਭਰੀ ਆਵਾਜ਼ ਉੱਚੀ ਸੁਰ ਵਿਚ ਨਿਕਲਦੀ ਹੈ ਅਤੇ ਉਹ ਦਰਦ ਦੂਰ ਕਰਨ ਲਈ ਪੁਕਾਰਦੀ ਸੁਣਾਈ ਦੇਂਦੀ ਹੈ।

ਡਾਕਟਰ ਟੈਗੋਰ, ਮੁੱਖ ਤੌਰ ਤੇ ਕਵੀ ਹੈ। ਪਰ ਉਸਦੀ ਪ੍ਰਤਿਭਾ ਬਹੁ-ਭਾਂਤੀ, ਤੇ ਬਹੁ-ਗੁਣੀ ਹੈ। ਜਿੰਨਾ ਜ਼ਿਆਦਾ ਉਸ ਨੇ ਲਿਖਿਆ ਹੈ, ਉਨਾ ਸ਼ਾਇਦ ਹੀ ਕਿਸੇ ਸਾਹਿਤਕਾਰ ਨੇ ਲਿਖਿਆ ਹੋਵੇਗਾ। ਉਸ ਨੇ ਇਕ ਹਜ਼ਾਰ ਤੋਂ ਵੱਧ ਕਵਿਤਾਵਾਂ ਲਿਖੀਆਂ ਹਨ। ਦੋ ਹਜ਼ਾਰ ਤੋਂ ਵੱਧ ਗੀਤ ਲਿੱਖੇ ਹਨ। ਬੜੀ ਵੱਡੀ ਗਿਣਤੀ ਵਿਚ ਛੋਟੀਆਂ ਕਹਾਣੀਆਂ, ਨਾਵਲ, ਡਰਾਮੇ ਤੇ ਨਿਬੰਧ ਲਿਖੇ ਹਨ। ਇਹਨਾਂ ਰਚਨਾਵਾਂ ਦੇ ਵਿਸ਼ੇ ਜ਼ਿੰਦਗੀ ਨਾਲ ਸੰਬੰਧ ਰੱਖਦੇ ਹਨ ਅਤੇ ਜ਼ਿੰਦਗੀ ਦੇ ਕਿਸੇ ਨਾ ਕਿਸੇ ਪਹਿਲੂ ਨੂੰ ਉਜਾਗਰ ਕਰਦੇ ਹਨ। ਗੁਣ ਦੇ ਲਿਹਾਜ਼ ਨਾਲ ਟੈਗੋਰ ਦੀਆਂ ਰਚਨਾਵਾਂ ਉੱਚਤਮ ਲੇਖਕਾਂ ਦੀ ਗਿਣਤੀ ਵਿਚ ਆਉਂਦੀਆਂ ਹਨ।

ਟੈਗੋਰ ਦੀ ਦੁਨੀਆਂ ਉੱਚੇ ਵਿਚਾਰਾਂ ਤੇ ਆਦਰਸ਼ਾਂ ਦੀ ਦੁਨੀਆਂ ਹੈ। ਇਸ ਵਿਚ ਦਾਖਲ ਹੁੰਦੇ ਹੀ ਤੁਸੀਂ ਮਹਿਸੂਸ ਕਰਨ ਲੱਗ ਪੈਂਦੇ ਹੋ ਕਿ ਇਹ ਦੁਨੀਆਂ ਪੰਜਾਬੀ ਸਾਹਿਤਕਾਰਾਂ ਦੀ ਦੁਨੀਆਂ ਨਾਲੋਂ ਵਖਰੀ, ਉੱਚੀ ਤੇ ਸੁੰਦਰ ਹੈ। ਟੈਗੋਰ ਸ਼ਬਦਾਂ ਦਾ ਜਾਦੂਗਰ ਹੈ। ਤੁਸੀਂ ਉਸਦੀ ਰਚਨਾ ਪੜ੍ਹੋ ਤੇ ਉਸ ਤੋਂ ਪ੍ਰਭਾਵਿਤ ਨਾ ਹੋਵੋ, ਅਨਹੋਣੀ ਗੱਲ ਹੈ। ਉਸ ਦੇ ਰੂਪਕ, ਉਪਮਾਵਾਂ, ਪ੍ਰਤੀਕਾਂ ਤੇ ਕਾਵਿਕ ਛੋਹਾਂ ਮਾਨਣ ਨਾਲ ਸੰਬੰਧ ਰਖਦੀਆਂ ਹਨ। ਉਸਦੀ ਰਚਨਾ ਦਾ ਰੂਪ ਸੋਹਣਾ ਤੇ ਵੱਥ (ਕਨਟੈਂਟ) ਡੂੰਘੀ ਹੈ। ਉਸ ਦੀ ਰਚਨਾ ਨੇ ਸੁਧਾਰਵਾਦੀ ਬੰਗਾਲੀ ਤੋਂ ਲੈ ਕੇ ਇਨਕਲਾਬੀ ਬੰਗਾਲੀ ਤਕ ਨੂੰ ਪ੍ਰਭਾਵਿਤ ਤੇ ਉਤਸਾਹਿਤ ਕੀਤਾ ਹੈ। ਟੈਗੋਰ ਦੀਆਂ ਕਵਿਤਾਵਾਂ ਦੇ ਇਸ ਚਸ਼ਮੇ ਵਿਚੋਂ ਕੁਝ ਘੁੱਟ ਹੀ ਕਾਫ਼ੀ ਹੋਣਗੇ। ਇਹਨਾਂ ਤੋਂ ਹੀ ਉਸ ਦੀ ਮਹਾਨਤਾ ਉਭਰ ਖਲੋਵੇਗੀ।

ਕਵੀ ਨੂੰ ਸੰਬੋਧਨ ਕਰਕੇ ਟੈਗੋਰ ਇਕ ਲੰਮੀ ਕਵਿਤਾ ਲਿਖਦਾ ਹੈ : ਓ ਤੂੰ ਕਵੀ, ਉੱਠ ਅਜੇ ਹੀ।

ਕਿਤੇ ਅੱਗ ਲੱਗ ਗਈ ਹੈ।

ਕਿਸੇ ਦਾ ਸੰਖ ਵੱਜ ਕੇ ਸੱਦਾ ਦੇ ਰਿਹਾ ਹੈ ਦੁਨੀਆਂ ਦੀਆਂ ਕੌਮਾਂ ਜਗਾਣ ਲਈ ਕਿ ਖਾਲੀ ਹਵਾ ਵਿਚੋਂ ਹੋ ਕੇ ਗੂੰਜ ਰਹੇ ਹਨ ਆਦਿ......

ਓ ਕਵੀ, ਤਦ ਉਠ, ਚਲ।
ਜੇ ਤੇਰੇ ਕੋਲ ਦਿਲ ਹੈ, ਆਪਣੇ ਸਾਥ ਲੈ ਲੈ
ਅਜੇ ਹੀ ਇਸ ਦਾ ਦਾਨ ਕਰ ਦਿਹ,
ਕਿੰਨਾ ਦੁਖ ਹੈ, ਕਿੰਨੀ ਪੀੜ ਹੈ,
ਸਾਮ੍ਹਣੇ ਕਸ਼ਟਾਂ ਭਰਿਆ ਸੰਸਾਰ ਹੈ।
ਬੜਾ ਦਲਿੱਦਰ; ਸਖਣਾਪਨ,
ਏਨਾ ਛੋਟਾ, ਕੈਦ, ਅੰਧਕਾਰ।
ਅਸੀਂ ਅੰਨ ਮੰਗਦੇ ਹਾਂ; ਜੀਵਨ ਮੰਗਦੇ ਹਾਂ,
ਚਾਨਣ. ਅਜ਼ਾਦ ਹਵਾ ਮੰਗਦੇ ਹਾਂ
ਬਲ ਮੰਗਦੇ ਹਾਂ, ਸਿਹਤ ਮੰਗਦੇ ਹਾਂ,
ਲੰਮੀ ਉਮਰ ਖੁਸ਼ੀਆਂ ਭਰੀ ਸਾਹਸ-ਭਰੀ ਚੌੜੀ ਛਾਤੀ,
ਇਸ ਕੰਗਾਲੀ ਵਿਚ, ਓ ਕਵੀ
ਇਕ ਵਾਰ ਲੈ ਆ,
ਸੁਰਗ ਵਿਚੋਂ ਵਿਸ਼ਵਾਸ ਦੀ ਤਸਵੀਰ।

(1893)

ਟੈਗੋਰ ਦੀ ਹੇਠ ਲਿਖੀ ਕਵਿਤਾ ਜਗਤ-ਪ੍ਰਸਿਧੀ ਹਾਸਲ ਕਰ ਚੁੱਕੀ ਹੈ। ਇਹ ਪ੍ਰਾਥਨਾ ਦੇ ਰੂਪ ਵਿਚ ਲਿਖੀ ਗਈ ਹੈ।

ਚਿੱਤ ਜਿਥੇ ਭੈ-ਹੀਣ ਹੈ, ਸਿਰ ਜਿੱਥੇ ਉੱਚਾ ਹੈ, ਗਿਆਨ ਜਿੱਥੇ ਮੁਕਤ ਹੈ, ਜਿੱਥੇ ਘਰ ਦੀਆਂ ਕੰਧਾਂ ਆਪਣੇ ਵਿਹੜੇ ਥੱਲੇ ਰਾਤ ਦਿਨ ਦੁਨੀਆਂ ਨੂੰ ਖੰਡ ਤੁੱਛ ਕਰ ਕੇ ਨਹੀਂ ਰਖਦੀਆਂ ਹਨ, ਜਿੱਥੇ ਵਾਕ ਸੱਚ ਦੀ ਡੂੰਘਾਣ 'ਚੋਂ ਆਪ ਮੁਹਾਰੇ ਨਿਕਲਣ।

ਜਿੱਥੇ ਅਣਥੱਕ ਯਤਨ ਸੰਪੂਰਣਤਾ ਵਲ ਆਪਣੀ ਬਾਂਹ ਫੈਲਾਂਦਾ ਹੈ।

ਜਿੱਥੇ ਚਿੰਤਨ ਦੀ ਸ਼ੁਧ-ਨਦੀ, ਆਪਣਾ ਰਾਹ ਨਹੀਂ ਗੁਆ ਬੈਠਦੀ।

ਮੁਰਦਾ ਆਦਤ ਦੇ ਵੀਰਾਨ ਰੇਤ-ਥਲ ਵਿਚ।

ਜਿੱਥੇ ਮਨ ਤੈਥੋਂ ਅਗਵਾਈ ਪਾਂਦਾ ਹੈ।

ਹਮੇਸ਼ ਵਿਸਤ੍ਰਿਤ ਹੋ ਰਹੇ ਚਿੰਤਨ ਤੇ ਅਮਲ ਵੱਲ ਨੂੰ ਅਜ਼ਾਦੀ ਦੇ ਉਸ ਸੂਰਜ ਵਿਚ; ਮੇਰੇ ਪਿਤਾ,

ਭਾਰਤ ਨੂੰ ਜਾਗ੍ਰਤ ਕਰੋ।

ਸਿੱਖਾਂ ਬਾਰੇ ਕਵਿਤਾਵਾਂ

ਸਿੱਖਾਂ ਬਾਰੇ ਲਿਖੀਆਂ ਟੈਗੋਰ ਦੀਆਂ ਚਾਰ ਕਵਿਤਾਵਾਂ ਮੈਨੂੰ ਲੱਭੀਆਂ ਹਨ। ਹੋਰ ਕੋਈ ਲਿਖੀ ਹੋਵੇ, ਮੈਂ ਨਹੀਂ ਲੱਭ ਸਕਿਆ। ਇਹ ਕਵਿਤਾਵਾਂ ਬੜੀਆਂ ਭਾਵੁਕ, ਪ੍ਰਭਾਵ-ਸ਼ਾਲੀ ਤੇ ਸਿਖਿਆ-ਦਾਇਕ ਹਨ - ਪੱਧਰ ਬਹੁਤ ਉੱਚੀ ਹੈ। ਇਹ ਹਨ : ਪ੍ਰਾਰਧਨਾਤੀਤ ਦਾਨ; ਗੁਰੂ ਗੋਬਿੰਦ, ਬੰਦੀ ਬੀਰ ਤੇ ਸ਼ੇਸ਼ ਸਿੱਖਾ। ਪਹਿਲੀ ਛੋਟੀ ਹੈ, ਬਾਕੀ ਤਿੰਨੇ ਲੰਮੀਆਂ ਹਨ। ਪਹਿਲੀ ਭਾਈ ਤਾਰੂ ਸਿੰਘ ਦੀ ਸ਼ਹੀਦੀ ਬਾਰੇ ਹੈ।

ਪ੍ਰਾਰਧਨਾਤੀਤ ਦਾਨ

ਪਠਾਣ ਜਦੋਂ ਬੰਨ੍ਹ ਕੇ ਲਿਆਏ
ਬੰਦੀ ਸਿਖਾਂ ਦਾ ਦਲ
ਸ਼ਹੀਦ ਗੰਜ ਵਿਚ ਹੋ ਗਿਆ
ਲਹੂ-ਰੰਗਿਆ ਧਰਤੀ ਤਲ
ਨਵਾਬ ਕਿਹਾ : ਸੁਣੋ ਤਾਰੂ ਸਿੰਘ
ਮੈਂ ਤੈਥੋਂ ਖਿਮਾ ਮੰਗਦਾ ਹਾਂ।

ਤਾਰੂ ਸਿੰਘ ਬੋਲਿਆ : "ਤਦ ਮੇਰੇ ਨਾਲ ਏਨੀ ਲਾ-ਪ੍ਰਵਾਹੀ ਕਿਉਂ, ਭਾਈ"।

ਨਵਾਬ ਕਿਹਾ : ਤੂੰ ਮਹਾਬੀਰ ਏ
ਮੈਨੂੰ ਤੇਰੇ ਉੱਤੇ ਕੋਈ ਗੁੱਸਾ ਨਹੀਂ—
ਮੈਨੂੰ ਆਪਣਾ ਜੂੜਾ ਕੱਟ ਕੇ ਦੇ ਜਾਓ
ਮੇਰੀ ਸਿਰਫ ਏਹੋ ਪ੍ਰਾਰਥਨਾ ਹੈ।
ਤਾਰੂ ਸਿੰਘ ਬੋਲਿਆ :
ਤੇਰੀ ਮਿਹਰਬਾਨੀ
ਮੇਰੇ ਹਿਰਦੇ ਵਿਚ ਗੁੰਦੀ ਗਈ ਹੈ
ਜੋ ਕੁਛ ਤੁਸੀਂ ਮੰਗਦੇ ਹੋ।
ਮੈਂ ਉਸਤੋਂ ਜ਼ਿਆਦਾ ਦੇਵਾਂਗਾ।
ਜੂੜੇ ਨਾਲ ਆਪਣਾ ਸਿਰ

ਬੰਦਾ ਬਹਾਦਰ ਉੱਤੇ ਟੈਗੋਰ ਨੇ ਇਕ ਬੜੀ ਲੰਮੀ ਤੇ ਦਰਦਨਾਕ ਕਵਿਤਾ ਲਿਖੀ ਹੈ, ਜਿਸ ਵਿਚ ਗੁਰਦਾਸਪੁਰ ਵਿਚ ਸਤ ਸੌ ਸਿੰਘਾਂ ਦੀ ਸ਼ਹੀਦੀ ਦਾ ਜ਼ਿਕਰ ਬੜੇ ਕਰੁਣਾ-ਮਈ ਤੇ ਬੀਰ-ਰਸੀ ਢੰਗ ਨਾਲ ਕੀਤਾ ਗਿਆ ਹੈ : ਉਸ ਦਾ ਪਹਿਲਾ ਅਰੰਭਕ ਬੰਦ ਇਹ ਹੈ :

ਪੰਜ ਦਰਿਆਵਾਂ ਦੇ ਕੰਢਿਆਂ ਤੇ
ਸਿਰਾਂ ਤੇ ਜੂੜੇ ਸਜਾਈ
ਵਿੰਹਦਿਆਂ ਵਿੰਹਦਿਆਂ ਹੀ,ਗੁਰੂ ਦੇ ਮੰਤਰ ਨਾਲ
ਸਿੱਖ ਜਾਗ ਉਠੇ—
ਨਿਰਮੋਹ, ਨਿਰ-ਭੈ,
ਹਜ਼ਾਰਾਂ ਗਲ੍ਹਾਂ ਵਿਚੋਂ ਗੁਰੂ ਜੀ ਦੀ ਜੈਅ
ਹਰ ਦਿਸ਼ਾ ਵਿਚ ਗੂੰਜ ਉੱਠੀ
ਨਵੇਂ ਨਵੇਂ ਜਾਗੇ ਸਿੱਖ
ਨਵੀਂ ਉਸ਼ਾ ਦੇ ਸੂਰਜ ਵਲ
ਵੇਖ ਰਹੇ ਹਨ ਬਗੈਰ ਅੱਖਾਂ ਝਮਕੇ।

'ਗੁਰੂ ਗੋਬਿੰਦ' ਜੀ ਬਾਰੇ ਇਹ 24 ਬੰਦਾਂ ਦੀ ਕਵਿਤਾ ਉਹਨਾਂ ਦੇ ਪਹਾੜਾਂ ਵਿਚ ਜਾ ਕੇ ਤਪੱਸਿਆ ਕਰਨ ਤੇ ਮੁੜਕੇ ਆ ਕੇ ਸਿਖਾਂ ਦੀ ਅਗਵਾਈ ਕਰਨ ਦੇ ਸਬੰਧ ਵਿਚ ਲਿਖੀ ਗਈ ਹੈ। ਇਸ ਦੀ ਕਲਪਨਾ-ਉਡਾਰੀ ਵਲ ਧਿਆਨ ਦਿਓ :

ਜਿਵੇਂ ਮਾਨਵਤਾ ਦਾ ਦਿਲ ਮੈਨੂੰ ਬੁਲਾ ਰਿਹਾ ਹੈ।
ਉਸੇ ਲੋਕ ਘਰ ਵਿਚੋਂ।
ਤਦੇ ਮੈਂ ਸੁੱਤੀ ਰਾਤ ਵਿਚ ਸਾਰਾ ਜਾਗ ਉਠਦਾ ਹਾਂ।
ਚੌਂਕ ਕੇ ਉੱਠ ਕੇ ਆਖਦਾ ਹਾਂ :
ਜਾਂਦਾ ਹਾਂ, ਜਾਂਦਾ ਹਾਂ।
ਪ੍ਰਾਨ, ਮਨ ਇਹ ਹਵਾਲੇ ਕਰ ਦੇਣਾ ਚਾਹੁੰਦਾ ਹਾਂ
ਪ੍ਰਬਲ ਮਾਨਵ-ਸਰੋਤ ਦੇ।

ਤਪੱਸਿਆ ਦੇ ਦੌਰਾਨ ਸੰਗਤਾਂ ਵਿਚ ਵਾਪਸ ਜਾਣ ਲਈ ਬੜੇ ਕਾਹਲੇ ਪਏ ਹੋਏ ਹਨ। ਕਹਿੰਦੇ ਹਨ :

ਕਦੋਂ ਦਿਲ ਖੋਲ੍ਹ ਕੇ ਗੱਲ ਕਰ ਸਕਾਂਗਾ—
ਮੈਂ ਆਪਣਾ ਨਿਸ਼ਾਨਾ ਲੱਭ ਲਿਆ ਹੈ।
ਤੁਸੀਂ ਸਾਰੇ ਦੇ ਸਾਰੇ ਮੇਰੇ ਪਿੱਛੇ ਆਓ
ਗੁਰੂ ਤੁਹਾਨੂੰ ਸਾਰਿਆਂ ਨੂੰ ਬੁਲਾ ਰਿਹਾ ਹੈ,
ਮੇਰੇ ਜੀਵਨ ਵਿਚੋਂ ਲੱਭ ਕੇ ਜੀਵਨ ਓ
ਸਾਰਾ ਦੇਸ਼, ਜਾਗੋ।

ਅਖੀਰੀ ਦੋ ਪਾਲਾਂ ਨੂੰ ਗੌਰ ਨਾਲ ਵੇਖੋ। ਬੰਗਾਲ ਦੇ ਆਤੰਕਵਾਦੀ (ਟੈਰਰਿਸਟ) ਬਾਹਰ ਕੰਮ ਕਰਦਿਆਂ ਤੇ ਫਾਂਸੀ ਲਟਕਣ ਵੇਲੇ ਏਹੋ ਦੋ ਸਤਰਾਂ ਪੜ੍ਹਿਆ ਕਰਦੇ ਸਨ।

"ਆਮਾਰ ਜੀਵਨੇ ਲਭਿਆ ਜੀਵਨ ਜਾਗੋ ਰੇ ਸਕਲ ਦੇਸ਼।"

ਚੌਥੀ ਲੰਮੀ ਕਵਿਤਾ "ਸ਼ੇਸ਼ ਸਿਖਾਂ" ਹੈ। ਇਹ ਗੁਰੂ ਗੋਬਿੰਦ ਸਿੰਘ ਵਲੋਂ ਇਕ ਪਠਾਣ ਦੇ ਕਤਲ ਕਰਨ ਬਾਰੇ ਲਿਖੀ ਗਈ ਹੈ, ਜਿਸ ਨੇ ਗੁਰੂ ਜੀ ਵਲੋਂ ਖਰੀਦੇ ਇਕ ਘੋੜੇ

ਦੀ ਕੀਮਤ ਉਸੇ ਵੇਲੇ ਨਾ ਅਦਾ ਕਰਨ ਕਰਕੇ ਬਦ-ਕਲਾਮੀ ਦੀ ਵਰਤੋਂ ਕੀਤੀ ਸੀ। ਗੁਰੂ ਜੀ ਨੇ ਪਠਾਣ ਦੇ ਬੱਚੇ ਮਹਿਮੂਦ ਨੂੰ ਪਾਲਿਆ ਤੇ ਸ਼ਸਤਰ ਵਿਦਿਆ ਵਿਚ ਨਿਪੁੰਨ ਕੀਤਾ ਸੀ ਤੇ ਫੇਰ ਪਿਉ ਦਾ ਬਦਲਾ ਲੈਣ ਲਈ ਵੰਗਾਰਿਆ ਸੀ।

ਇਹ ਮਨੋ ਕਲਪਿਤ ਕਹਾਣੀਆਂ ਇਤਿਹਾਸ ਦੇ ਪੱਖੋਂ ਕਿੰਨੀਆਂ ਕੁ ਦਰੁਸਤ ਹਨ ਅਤੇ ਕਿੰਨੀਆਂ ਕੁ ਗਲਤ, ਨਿਰਣਾ ਕਰਨਾ ਸਿਖ ਵਿਦਵਾਨਾਂ ਦਾ ਕੰਮ ਹੈ। ਟੈਗੋਰ ਨੇ ਇਹ ਚਾਰੇ ਕਵਿਤਾਵਾਂ 'ਕਥਾ' ਦੇ ਸਿਰਲੇਖ ਹੇਠ ਛਾਪੀਆਂ ਹਨ।

ਇਸ ਸਿਰਲੇਖ ਹੇਠ ਰਾਜਪੂਤਾਂ ਦੀ ਬਹਾਦਰੀਆਂ ਦੀਆਂ ਕਵਿਤਾਵਾਂ ਵੀ ਲਿਖੀਆਂ ਗਈਆਂ ਹਨ।

ਟੈਗੋਰ ਦੀ ਬੋਲੀ,

ਟੈਗੋਰ ਪਹਿਲਾ ਬੰਗਾਲੀ ਕਵੀ ਸੀ ਜਿਸ ਨੇ ਲੋਕਾਂ ਦੀ ਆਮ ਬੋਲੀ ਬੰਗਲਾ ਨੂੰ ਅਪਣਾਇਆ ਅਤੇ ਇਸ ਵਿਚ ਆਪਣੀ ਰਚਨਾ ਕੀਤੀ। ਉਸ ਤੋਂ ਪਹਿਲੋਂ ਬੰਗਾਲੀ ਲੇਖਕ ਸੰਸਕ੍ਰਿਤ ਗੁੰਧੀ ਬੰਗਲਾ ਲਿਖਦੇ ਸਨ। ਇਸ ਦੀ ਆਮ ਮਿਸਾਲ ਬੰਕਮ ਚੰਦਰ ਚਟਰਜੀ ਦਾ 'ਬੰਦੇ ਮਾਤ੍ਰਮ' ਦਾ ਗੀਤ ਹੈ ਜਿਹੜਾ ਸੰਸਕ੍ਰਿਤ-ਪ੍ਰਧਾਨ ਬੰਗਲਾ ਵਿਚ ਲਿਖਿਆ ਗਿਆ ਹੈ। ਪਹਿਲੇ ਲੇਖਕ ਪਰਚਲਤ ਬੰਗਲਾ ਨਹੀਂ, ਬਨਾਵਟੀ ਬੰਗਲਾ ਲਿਖਦੇ ਸਨ। ਉਹਨਾਂ ਨੂੰ ਟੈਗੋਰ ਦੀ ਲੋਕ-ਬੋਲੀ ਪਸੰਦ ਨਹੀਂ ਸੀ. ਆਉਂਦੀ। ਉਹ ਕਹਿੰਦੇ ਸਨ: ਟੈਗੋਰ ਕੀ 'ਬਗਬਘਮ' ਬੰਗਲਾ ਲਿਖਦਾ ਹੈ, ਉਹਨੂੰ ਕੀ ਪੜਨਾ ਹੋਇਆ। ਪਰ ਉਹਨਾਂ ਦਾ ਇਹ ਨਾਅਰਾ ਬਾਹਲਾ ਚਿਰ ਨਾ ਕੱਢ ਸਕਿਆ। ਟੈਗੋਰ ਦੀ ਕਵਿਤਾ ਲੋਕਾਂ ਵਿਚ ਹਰਮਨ ਪਿਆਰੀ ਹੁੰਦੀ ਗਈ। ਕਾਰਣ ਇਹ ਕਿ ਉਹ ਲੋਕਾਂ ਦੀਆਂ ਸੱਧਰਾਂ-ਕਾਮਨਾਵਾਂ, ਮੰਗਾਂ-ਉਮੰਗਾਂ ਅਤੇ ਹਾਵਾਂ-ਭਾਵਾਂ ਦਾ ਸਹੀ ਪ੍ਰਗਟਾਅ ਕਰਦੀ ਸੀ।

ਕਲਕੱਤਾ ਯੂਨੀਵਰਸਿਟੀ ਵਿਚ ਕਿਸੇ ਟੀਚਰ ਨੇ ਇਕ ਇਮਤਿਹਾਨ ਵੇਲੇ ਟੈਗੋਰ ਦੀ ਰਚਨਾ ਵਿਚੋਂ ਇਕ ਪੈਰਾ ਦੇ ਕੇ ਲੜਕਿਆਂ ਨੂੰ ਸਵਾਲ ਕੀਤਾ ਸੀ ਕਿ ਉਹੋ ਉਸ ਪੈਰੇ ਨੂੰ 'ਸ਼ੁੱਧ ਬੰਗਲਾ' ਵਿਚ ਲਿਖਣ। ਇਹ ਸੀ ਪੰਡਤਾਊ ਟੀਚਰਾਂ ਦਾ ਟੈਗੋਰ ਦੀ ਰਚਨਾ ਸੰਬੰਧੀ ਘਿਰਣਾ-ਭਰਿਆ ਰਵੱਈਆ। ਫੇਰ ਸਾਲਾਂ ਪਿਛੋਂ ਸਿਆਮਾ ਪ੍ਰਸਾਦ ਮੁਕਰਜੀ ਨੇ, ਆਪਣੇ ਵਾਈਸ ਚਾਂਸਲਰ ਦੇ ਅਹੁਦੇ ਦੇ ਦੌਰਾਨ, ਗੁਰੂ ਦੇਵ ਟੈਗੋਰ ਨੂੰ ਇਕ ਸੰਮੇਲਨ ਦੀ ਪ੍ਰਧਾਨਗੀ ਲਈ ਯੂਨੀਵਰਸਿਟੀ ਵਿਚ ਬੁਲਾਇਆ ਤਾਂ ਟੈਗੋਰ ਨੇ ਉਸ ਨੂੰ ਇਹ ਘਟਨਾ ਯਾਦ ਦਿਲਾਈ ਜਿਸ ਤੇ ਉਸ ਨੇ ਬੜਾ ਅਫਸੋਸ ਪ੍ਰਗਟ ਕੀਤਾ।

ਇਹ ਗਲਤ-ਫ਼ਹਿਮੀ ਆਮ ਫੈਲੀ ਹੋਈ ਹੈ ਕਿ ਨੋਬੇਲ ਇਨਾਮ ਮਿਲਣ ਪਿਛੋਂ ਟੈਗੋਰ ਨੂੰ ਪ੍ਰਸਿਧੀ ਹਾਸਲ ਹੋਈ; ਇਨਾਮ ਉਸ ਨੂੰ 1913 ਵਿਚ ਮਿਲਿਆ ਸੀ ਪਰ "ਬੰਗੀਯ ਸਾਹਿਤਯ ਪ੍ਰਿਸ਼ਦ" ਨੇ 1911 ਵਿਚ ਹੀ ਟੈਗੋਰ ਨੂੰ ਸਨ-ਮਾਨਤ ਕਰਕੇ ਉਸਦੀ ਕਾਵਿਕ ਪ੍ਰਤੀਭਾ ਨੂੰ ਸਵੀਕਾਰ ਕਰ ਲਿਆ ਸੀ। ਇਸ ਸਨਮਾਨ ਤੇ ਮਾਨਤਾ ਦੇ ਅਰਥ ਇਹ ਵੀ ਸਨ ਕਿ ਪਰਚਲਤ ਬੰਗਲਾ ਨੂੰ ਪਰਵਾਨ ਕਰ ਲਿਆ ਗਿਆ ਅਤੇ ਸੰਸਕ੍ਰਿਤਿਆਈ ਬੰਗਲਾ ਦਾ ਤੋਰਾਇੱਕਾ ਜਾਂਦਾ ਰਿਹਾ। ਹਾਂ, ਇਹ ਠੀਕ ਹੈ ਕਿ ਨੋਬੇਲ ਇਨਾਮ ਮਿਲਣ ਪਿਛੋਂ ਟੈਗੋਰ ਦੀ ਪ੍ਰਸਿਧੀ ਦੁਨੀਆਂ ਭਰ ਵਿਚ ਹੋ ਗਈ—ਭਾਵੇਂ ਹਿੰਦੁਸਤਾਨ ਵਿਚ ਉਸ ਵੇਲੇ ਤਕ ਟੈਗੋਰ ਦੇ ਡੰਕੇ ਵੱਜ ਚੁੱਕੇ ਹੋਏ ਸਨ।

ਟੈਗੋਰ ਪ੍ਰਾਂਤੀ ਕਾਨਫਰੰਸਾਂ ਵਿਚ ਅੰਗਰੇਜ਼ੀ ਵਿਚ ਤਕਰੀਰਾਂ ਕਰਨ ਦੇ ਹਮੇਸ਼ਾਂ ਹੀ ਖਿਲਾਫ਼ ਰਿਹਾ ਸੀ। ਉਹ ਬੰਗਲਾ ਵਿਚ ਬੋਲਣ ਤੇ ਜ਼ੋਰ ਦਿੰਦਾ ਸੀ ਤਾਂ ਜੋ ਆਮ ਲੋਕਾਂ ਨੂੰ ਸਮਾਜੀ ਜਾਂ ਸਿਆਸੀ ਤਹਿਰੀਕ੍ਹਾਂ ਵਿਚ ਸਰਗਰਮ ਕੀਤਾ ਜਾ ਸਕੇ। ਉਸ ਦਾ ਖਿਆਲ ਸੀ ਕਿ ਅੰਗਰੇਜ਼ੀ ਪੜ੍ਹੇ ਲਿਖੇ ਆਮ ਜਨਤਾ ਨੂੰ ਨਾਲ ਲੈ ਕੇ ਨਹੀਂ ਤੁਰਨਾ ਚਾਹੁੰਦੇ। ਖ਼ੁਦ ਉਹ ਆਪ ਜਿਵੇਂ ਵੀ ਬੋਲਦਾ ਸੀ, ਬੰਗਲਾ ਵਿਚ ਹੀ ਬੋਲਦਾ ਸੀ। ਉਸਨੇ ਪ੍ਰਾਂਤੀ ਕਾਨਫਰੰਸ ਨਤੌਰ (1897) ਅਤੇ ਢਾਕੇ ਦੀਆਂ ਮੀਟਿੰਗਾਂ (1899) ਵਿਚ ਬੰਗਲਾ ਬੋਲਣ ਤੇ ਜ਼ੋਰ ਦਿਤਾ। ਪਬਨਾ ਦੀ ਕਾਨਫਰੰਸਾਂ (1908) ਵਿਚ ਉਸਨੇ ਆਪਣਾ ਐਡਰੈਸ ਬੰਗਲਾ ਵਿਚ ਲਿਖਿਆ, ਪੜ੍ਹਿਆ ਅਤੇ ਸਾਰੀ ਕਾਰਵਾਈ ਬੰਗਲਾ ਵਿਚ ਕਰਨ ਤੇ ਜ਼ੋਰ ਦਿੱਤਾ।

ਇਹਨਾਂ ਕਾਨਫਰੰਸਾਂ ਤੋਂ ਲਗਭਗ ਇਕ ਦਰਜਨ ਸਾਲ ਪਹਿਲੋਂ 1892 ਵਿਚ ਰਾਜਸ਼ਾਹੀ ਵਿਚ ਉਸਨੇ ਇਕ ਲੇਖ ਪੜ੍ਹਿਆ ਸੀ ਜਿਸ ਵਿਚ ਵਿਦਿਆ ਦਾ ਮਧਿਅਮ ਮੁਢਲੀ ਜਮਾਤ ਤੋਂ ਲੈ ਕੇ ਯੂਨੀਵਰਸਿਟੀ ਦੀ ਪੱਧਰ ਤਕ ਬੰਗਲਾ ਬਣਾਣ ਦੀ ਮੰਗ ਕੀਤੀ ਸੀ। ਟੈਗੋਰ ਸ਼ਾਇਦ ਭਾਰਤ ਵਿਚ ਪਹਿਲਾ ਵਿਦਵਾਨ ਸੀ ਜਿਸਨੇ ਉੱਨ੍ਹੀਂਵੀ ਸੱਦੀ ਵਿਚ ਬੰਗਲਾ ਨੂੰ ਯੂਨੀਵਰਸਿਟੀ ਦੀ ਵਿਦਿਆ ਦਾ ਮਾਧਿਅਮ ਬਣਾਣ ਦੀ ਇਨਕਲਾਬੀ ਮੰਗ ਕੀਤੀ। ਇਸ ਬਾਰੇ

ਉਸ ਦੀ ਵਜ਼ਨਦਾਰ ਦਲੀਲ ਇਹ ਸੀ ਕਿ ਮਨੁੱਖੀ ਸ਼ਖਸੀਅਤ ਦਾ ਸਰਬ-ਪੱਖੀ ਵਿਕਾਸ ਆਪਣੀ ਮਾਤ-ਬੋਲੀ ਤੋਂ ਬਗ਼ੈਰ ਨਹੀਂ ਹੋ ਸਕਦਾ। ਬਦੇਸ਼ੀ ਬੋਲੀ, ਪੜਨ ਵੇਲੇ, ਬੱਚੇ ਦੇ ਮਨ ਨੂੰ ਵਿਸ਼ੇ ਤੇ ਜ਼ਬਾਨ ਵਿਚਕਾਰ ਵੰਡ ਦੇਂਦੀ ਹੈ। ਮਾਤ-ਬੋਲੀ ਦੇ ਮਾਧਿਅਮ ਦੇ ਕਾਰਣ ਬੱਚੇ ਦਾ ਧਿਆਨ ਇਕਾਗਰ ਰਹਿੰਦਾ ਹੈ ਅਤੇ ਉਹ ਵਿਸ਼ੇ ਨੂੰ ਛੇਤੀ ਗ੍ਰਹਿਣ ਕਰਕੇ ਸਮਝ ਲੈਂਦਾ ਹੈ।

ਸ਼ਾਂਤੀ ਨਿਕੇਤਨ ਵਿਚ ਉਸਨੇ ਸਕੂਲ ਹੀ ਇਸ ਲਈ ਕਾਇਮ ਕੀਤਾ ਸੀ ਕਿ ਬੱਚਿਆਂ ਨੂੰ ਵਿਦਿਆ ਸਿੱਧੀ ਬੰਗਲਾ ਰਾਹੀਂ ਦਿਤੀ ਜਾਵੇ। ਏਹੋ ਸਕੂਲ ਪਿੱਛੋਂ ਤਰੱਕੀ ਕਰਕੇ ਵਿਸ਼ਵ ਭਾਰਤੀ ਯੂਨੀਵਰਸਿਟੀ ਵਿਚ ਤਬਦੀਲ ਹੋ ਗਿਆ। ਤਾਲੀਮ ਵਿਚ ਉਸਦਾ ਬੁਨਿਆਦੀ ਸਿਧਾਂਤ ਇਹ ਸੀ ਕਿ ਕੌਮਵਾਦ ਤੇ ਕੌਮਾਂਤਰੀਵਾਦ ਵਿਚਕਾਰ ਕੋਈ ਵਿਰੋਧ ਨਹੀਂ। ਆਪਣੇ ਦੇਸ਼ ਦੇ ਪਿਆਰ ਨੂੰ ਦੂਜੇ ਦੇਸ਼ਾਂ ਦੇ ਦੂ-ਪਿਆਰ ਵਿਚ ਖਿੱਚ ਖੜਨਾ ਸਹੀ ਅਸੂਲ ਨਹੀਂ। ਇਹਨਾਂ ਦੋਹਾਂ ਨੂੰ ਇਕ ਸਾਥ ਜੋੜ ਕੇ ਚਲਣਾ ਚਾਹੀਦਾ ਹੈ। ਟੈਗੋਰ ਦੀ ਯੂਨੀਵਰਸਿਟੀ ਵਿਚ ਪੂਰਬ ਤੇ ਪੱਛਮ ਦੋਹਾਂ ਦੀਆਂ ਕਦਰਾਂ-ਕੀਮਤਾਂ ਨੂੰ ਮਿਲਾਕੇ ਹੀ ਵਿਦਿਆਰਥੀਆਂ ਨੂੰ ਸਿਖਿਆ ਦਿਤੀ ਜਾਂਦੀ ਹੈ ਅਤੇ ਵਿਦਿਆ ਦਾ ਆਧਾਰ-ਮਨੁੱਖ ਦੀ ਹੋਣੀ-ਵਿਚ ਵਿਸ਼ਵਾਸ ਪੈਦਾ ਕੀਤਾ ਜਾਂਦਾ ਹੈ।

ਟੈਗੋਰ ਦਾ ਮਹਿਸੂਸਕ ਮਨ ਨਿੱਕੀ ਨਿੱਕੀ ਤਬਦੀਲੀ ਤੋਂ ਪ੍ਰਭਾਵਤ ਹੁੰਦਾ ਤੇ ਸਬਕ ਹਾਸਲ ਕਰ ਲੈਂਦਾ ਸੀ। ਉਸ ਨੇ ਵੇਖਿਆ ਕਿ ਅਤੀ ਯੁਗ ਦੇ ਆਉਣ ਨਾਲ ਇਨਸਾਨੀ ਮਿਹਨਤ, ਮੰਡੀ ਦੀ ਜਿਨਸ ਬਣ ਗਈ ਹੈ ਅਤੇ ਇਹ ਬਰਾਹਮਣ-ਅਛੂਤ, ਹਿੰਦੂ-ਮੁਸਲਿਮ ਵਿਚਕਾਰ ਕੋਈ ਵਖਰੇਵਾਂ ਜਾਂ ਤਮੀਜ਼ ਨਹੀਂ ਕਰਦੀ। ਟੈਗੋਰ ਨੇ ਆਪਣੇ ਪਿਛਲੇ ਇਤਿਹਾਸ ਦੀ ਪੜਚੋਲ ਕਰਦਿਆਂ ਕਰਦਿਆਂ ਲਿਖਿਆ :

'ਅਸਾਂ ਤਾਂ ਇਹ ਸਵੀਕਾਰ ਕੀਤਾ ਹੋਇਆ ਸੀ ਕਿ ਜਨਮ ਦਾ ਇਤਿਹਾਸਕ ਜਾਂ ਕਰਮਾਂ ਦੇ ਫਲ ਪਿਛਲੀਆਂ ਜੂਨਾਂ ਤੋਂ ਸਾਡੇ ਨਾਲ ਚੰਬੜੇ ਆਉਂਦੇ ਹਨ ਅਤੇ ਇਹਨਾਂ ਤੋਂ ਕਦੇ ਵੀ ਛੁਟਕਾਰਾ ਨਹੀਂ ਹੋ ਸਕਦਾ ਨੀਚ ਜਾਤੀਆਂ ਨੂੰ, ਨਤੀਜੇ ਵਜੋਂ, ਚੁੱਪ ਚਾਪ ਸਭ ਮੁਸੀਬਤਾਂ ਤੇ ਜ਼ਿੱਲਤਾਂ ਪਰਵਾਨ ਕਰਨੀਆਂ ਚਾਹੀਦੀਆਂ ਹਨ, ਕਿਉਂਕਿ ਸਾਡੀ ਕਿਸਮਤ ਦੁਬਾਰਾ ਜਨਮ ਦੇ ਇਤਿਫਾਕ ਨਾਲ ਹੀ ਬਦਲ ਸਕਦੀ ਹੈ। ਪਰ ਸਾਡੇ ਯੂਰਪ ਨਾਲ ਸਬੰਧਾਂ ਨੇ ਸਾਡੀਆਂ ਅੱਖਾਂ ਖੋਲ੍ਹ ਦਿਤੀਆਂ ਹਨ ਅਤੇ ਅਜੇਹਾ ਗਿਆਨ ਅਤੇ ਨਵੀਆਂ ਕਦਰਾਂ-ਕੀਮਤਾਂ ਦਾ ਅਜੇਹਾ ਭੰਡਾਰ ਦਿੱਤਾ ਹੈ ਜਿਨ੍ਹਾਂ ਦੇ ਵਿਰੁਧ ਸ਼ਾਸਤ੍ਰੀ ਪਰਬੰਧ ਤੇ ਯੁਗ ਪੁਰਾਣੀ ਪਰੰਪਰਾ ਐਵੇਂ ਫਜ਼ੂਲ ਕਾਵਾਂ ਰੌਲੀ ਪ੍ਰਤੀਤ ਹੁੰਦੇ ਹਨ।'

ਬੰਗਾਲ ਵਿਚ ਅੰਗਰੇਜ਼ਾਂ ਦੀ ਪੈਰ-ਜਮਾਈ ਨਾਲ ਪੁਰਾਣੀਆਂ ਧਾਰਮਕ ਰਹੁ-ਰੀਤਾਂ ਤੇ ਸਮਾਜਕ ਮਨੌਤਾਂ ਦੇ ਖ਼ਿਲਾਫ਼ ਇਕ ਤਰ੍ਹਾਂ ਬਗਾਵਤ ਸ਼ੁਰੂ ਹੋ ਗਈ ਸੀ। ਰਾਜਾ ਰਾਮ ਮੋਹਨ ਰਾਏ (1772-1815) ਇਸ ਬਗਾਵਤ ਦੇ ਮੋਢੀਆਂ ਵਿਚੋਂ ਸਨ।

'ਬਦਲ ਰਿਹਾ ਯੁਗ' ਦੇ ਲੇਖ ਵਿਚ ਉਸ ਨੇ ਲਿਖਿਆ : "ਹਿੰਦੁਸਤਾਨੀਆਂ ਨੇ ਅੰਗਰੇਜ਼ੀ ਸਾਹਿਤ ਵਿਚੋਂ ਨਾ ਸਿਰਫ ਭਾਵੁਕਤਾ ਦਾ ਨਵਾਂ ਧਨ ਹੀ ਹਾਸਲ ਕੀਤਾ, ਸਗੋਂ ਮਨੁੱਖ ਉਤੇ ਮਨੁੱਖ ਦੇ ਜਬਰ ਤੋੜਨ ਦੀ ਜਾਚ ਵੀ ਸਿਖੀ। ਸਾਡੇ ਕੰਨਾਂ ਵਿਚ ਰਾਜਸੀ ਗੁਲਾਮੀ ਦੀਆਂ ਜ਼ੰਜ਼ੀਰਾਂ ਖਤਮ ਕਰਨ ਤੇ ਭਰਪੱਣ, ਬਰਾਬਰੀ ਤੇ ਅਜ਼ਾਦੀ ਵਗੈਰਾ ਦੇ ਨਾਅਰੇ ਗੂੰਜਣ ਲਗੇ, ਇਹ ਠੀਕ ਹੈ ਕਿ ਫਰਾਂਸ ਦੇ ਇਨਕਲਾਬਾਂ ਤੇ ਬਰਿਟਿਸ਼ ਉਦਾਰਵਾਦ ਨੇ ਬੰਗਾਲ ਤੇ ਕੁਝ ਹੋਰ ਸੂਬਿਆਂ ਨੂੰ ਬੜਾ ਪ੍ਰਭਾਵਿਤ ਕੀਤਾ ਸੀ। ਪਰ ਪੰਜਾਬ ਨੂੰ ਰੰਗਰੂਟ ਸਥਾਨ ਹੋਣ ਕਰਕੇ ਇਹ ਸਹੂਲਤਾਂ ਹਾਸਲ ਨਹੀਂ ਸਨ।

1905 ਵਿਚ ਬੰਗਾਲ ਨੂੰ ਦੋਂਹ ਹਿਸਿਆਂ ਵਿਚ ਵੰਡ ਦਿਤਾ ਗਿਆ। ਅੰਗਰੇਜ਼ ਹਾਕਮ ਹਿੰਦੂਆਂ ਮੁਸਲਮਾਨਾਂ ਵਿਚਕਾਰ ਫੁੱਟ ਪਾਉਣ ਦੀ ਖੇਡ ਖੇਡ ਰਹੇ ਸਨ। ਟੈਗੋਰ ਕਿਸੇ ਪਾਰਟੀ ਵਿਚ ਸ਼ਾਮਲ ਨਹੀਂ ਸੀ। ਪਰ ਉਹ ਇਸ ਵੰਡ ਦੇ ਸਖਤ ਖ਼ਿਲਾਫ਼ ਸੀ ਅਤੇ ਵੰਡ ਵਿਰੋਧੀ ਤਹਿਰੀਕ ਦੇ ਮੋਢੀਆਂ ਵਿਚੋਂ ਸੀ। 1908 ਵਿਚ ਪਬਨਾ ਪੁਲਿਟੀਕਲ ਕਾਨਫਰੰਸ ਦੇ ਪਰਧਾਨ ਦੀ ਹੈਸੀਅਤ ਵਿਚ ਬੋਲਦਿਆਂ ਉਸ ਕਿਹਾ :

"ਅਸਾਂ ਪਰੋਟੈਸਟ ਕਰਕੇ ਕਾਫੀ ਰੋਣਾ ਧੋਣਾ ਕਰ ਲਿਆ ਹੈ। ਜੇ ਅਸੀਂ ਅਸਫਲ ਹੁੰਦੇ ਹਾਂ ਤਾਂ ਕੀ ਸਭ ਕੁਝ ਖਤਮ ਹੋ ਜਾਏਗਾ ? ਕੀ ਜਿਹੜੀਆਂ ਬੁਰਾਈਆਂ ਤਕਸੀਮ ਦੇ ਫਲ ਸਰੂਪ ਸਿਰ ਉਠਾਣਗੀਆਂ, ਉਹਨਾਂ ਦੇ ਇਲਾਜ ਦਾ ਕੋਈ ਰਾਹ ਨਹੀਂ ਰਹਿ ਜਾਏਗਾ ? ਜੇ ਅਸੀਂ ਸਮਾਜ ਵਿਚ ਮਜ਼ਬੂਤ ਤੇ ਨਿਸਚਿਤ ਤਰੀਕੇ ਨਾਲ ਸ਼ਕਤੀ ਕਾਇਮ ਕਰ ਲਈਏ

ਤਦ ਕੋਈ ਬਾਹਰਲੀ ਤਾਕਤ ਬੰਗਾਲ ਨੂੰ ਸਤਿਆਹੀਣ ਕਰਨ ਵਿਚ ਕਾਮਯਾਬ ਨਹੀਂ ਹੋ ਸਕਦੀ। ਉਸ ਨੇ ਖਬਰਦਾਰ ਕਰਦਿਆਂ ਆਖਿਆ : ਕਮਜ਼ੋਰ ਤੇ ਨਾ ਕਾਬਲ ਲੋਕਾਂ ਨੂੰ ਰੱਬ ਵੀ ਗਾਰੰਟੀ ਨਹੀਂ ਕਰ ਸਕਦਾ ਕਿ ਉਹਨਾਂ ਨਾਲ ਹਮੇਸ਼ਾ ਇਨਸਾਫ ਹੋਵੇਗਾ। ਫੇਰ ਕਿਉਂ ਅਸੀਂ ਰਾਜ-ਪ੍ਰਬੰਧ ਤੇ ਪਾਰਲੀਮੈਂਟ ਤੋਂ ਇਨਸਾਫ ਹਾਸਲ ਕਰਨ ਲਈ ਬਿਰਥਾ ਰਿਲਾਉਂਦੇ ਹਾਂ। ਇਸ ਪ੍ਰਸੰਗ ਵਿਚ ਨੇਕ ਇਰਾਦਿਆਂ ਲਈ ਕੋਈ ਥਾਂ ਨਹੀਂ। ਕਮਜ਼ੋਰਾਂ ਨਾਲ ਤੁਅਲੱਕ ਪੈਣ ਕਰਕੇ ਕਾਨੂੰਨ ਵੀ ਕਮਜ਼ੋਰ ਪੈ ਜਾਂਦਾ ਹੈ। ਪੁਲਸ ਦਹਿਸ਼ਤ ਦਾ ਰੂਪ ਧਾਰਨ ਕਰ ਲੈਂਦੀ ਹੈ। ਉਹ ਜਿਸ ਤੋਂ ਅਸੀਂ ਪੁਲਸ ਦੇ ਜ਼ੁਲਮ ਤੋਂ ਰਖਿਆ ਲੱਭਦੇ ਹਾਂ, ਪੁਲਸ ਦਾ ਸਭ ਤੋਂ ਵਧ ਹਮਾਇਤੀ ਬਣ ਜਾਂਦਾ ਹੈ।

ਇਸ ਤਹਿਰੀਕ ਨੇ ਸੁਦੇਸ਼ੀ ਮਾਲ ਖਰੀਦਣ ਅਤੇ ਬਦੇਸ਼ੀ ਮਾਲ ਦੇ ਬਾਈਕਾਟ ਦਾ ਨਾਅਰਾ ਅਪਣਾਇਆ, ਪਿੰਡਾਂ ਤੇ ਜੁਰਮਾਨੇ ਕੀਤੇ ਗਏ, ਚੋਕੀਆਂ ਬਿਠਾ ਕੇ ਅੰਨ੍ਹੇ ਖਰਚੇ ਪਾਏ ਗਏ! ਹਜ਼ਾਰਾਂ ਨੂੰ ਜੇਲ੍ਹੀਂ ਸੁੱਟਿਆ ਗਿਆ ਪਰ ਬੰਗਾਲੀਆਂ ਨੇ ਹਾਕਮਾਂ ਦੇ ਫੈਸਲੇ ਨੂੰ ਮਿੱਟੀ ਵਿਚ ਰੋਲ ਦਿਤਾ ਅਤੇ ਵੰਡ ਦੀ" ਫੈਸਲਾ ਹੋਈ ਹਕੀਕਤ" ਨੂੰ "ਨਾ-ਫੈਸਲਾ ਹੋਈ ਹਕੀਕਤ" ਵਿਚ ਬਦਲ ਕੇ ਹੀ ਦਮ ਲਿਆ।

ਪਦ ਤਿਆਗ

ਜਲ੍ਹਿਆਂ ਵਾਲੇ ਬਾਗ ਦੇ ਕਤਲਾਮ ਨੇ ਟੈਗੋਰ ਨੂੰ ਬੜਾ ਸਦਮਾ ਪਹੁੰਚਾਇਆ। ਇਸ ਦੇ ਖ਼ਿਲਾਫ਼ ਪਰੋਟੈਸਟ ਕਰਨ ਲਈ ਉਸ ਨੇ ਬੜੀ ਰੋਹ ਭਰੀ, ਪਰ ਜੱਚਵੇਂ ਸ਼ਬਦਾਂ ਵਿਚ ਇਕ ਖੜਕਵੀਂ ਚਿੱਠੀ ਲਿਖੀ ਜਿਸ ਰਾਹੀਂ ਉਸਨੇ ਵਾਈਸਰਾਏ ਨੂੰ ਆਪਣਾ 'ਸਰ' ਦਾ ਖਤਾਬ ਵਾਪਸ ਕਰ ਦਿਤਾ। ਟੈਗੋਰ ਨੇ ਲਿਖਿਆ ਕਿ "ਸਭਿਅਕ ਗੌਰਮਿੰਟਾਂ' ਦੇ ਇਤਿਹਾਸ ਵਿਚ, ਇਸ ਕਤਲਾਮ ਜਿਹੀ ਹੋਈ 'ਮਿਸਾਲ' ਨਹੀਂ ਮਿਲਦੀ। 'ਪੰਜਾਬ ਵਿਚ ਸਾਡੇ ਭਰਾਵਾਂ ਨੂੰ ਜਿਹੜੀਆਂ ਮੁਸੀਬਤਾਂ ਤੇ ਜ਼ਿੱਲਤਾਂ ਦਾ' ਸ਼ਿਕਾਰ ਹੋਣਾ ਪਿਆ ਹੈ. ਉਹ 'ਮੂੰਹ-ਬੰਦ ਚੁੱਪ ਰਾਹੀਂ ਹਿੰਦੁਸਤਾਨ ਦੀ ਨੁੱਕਰ, ਵਿਚ ਕਤਰਾ ਕਤਰਾ ਕਰ ਕੇ ਪਹੁੰਚ ਗਈਆਂ ਹਨ। ਸਾਡੇ ਹਾਕਮਾਂ ਨੇ ਸਾਡੇ ਲੋਕਾਂ ਦੇ ਦਿਲਾਂ ਵਿਚ ਪੈਦਾ ਹੋਈ ਗੁੱਸੇ ਦੀ ਵਿਆਪਕ ਪੀੜ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਹੈ।......ਜਾਣਦਿਆਂ ਹੋਇਆਂ ਵੀ ਕਿ ਸਾਡੀਆਂ ਅਪੀਲਾਂ ਫ਼ਜ਼ੂਲ ਗਈਆਂ, ਮੈਂ ਆਪਣੇ ਦੇਸ਼ ਲਈ ਘੱਟੋ ਘੱਟ ਏਨਾ ਤਾਂ ਕਰ ਸਕਦਾ ਹਾਂ ਕਿ ਉਹਨਾਂ ਦੀ ਪਰੋਟੈਸਟ ਨੂੰ ਜ਼ਬਾਨ ਦੇਵਾਂ ਅਤੇ ਇਸ ਦੇ ਸਾਰੇ ਨਤੀਜੇ ਆਪਣੇ ਜ਼ਿੰਮੇ ਲਵਾਂ। 'ਇਹ ਤਕਮੇ' ਸਾਡੀ ਹੇਠੀ ਤੇ ਸ਼ਰਮ ਨੂੰ ਚਮਕਾ ਰਹੇ ਹਨ। ਮੈਂ ਆਪਣੇ ਉਚੇਚੇ ਸਤਿਕਾਰ ਨੂੰ ਲਾਹ ਕੇ ਆਪਣੇ ਲੋਕਾਂ ਦੀ ਕਤਾਰ ਵਿਚ ਖੜਾ ਹੋਣਾ ਚਾਹੁੰਦਾ ਹਾਂ। ..ਇਹ ਹਨ ਕਾਰਨ ਜਿਨ੍ਹਾਂ ਨੇ ਮੈਨੂੰ ਮਜਬੂਰ ਕੀਤਾ ਹੈ ਕਿ ਮੈਂ ਆਪਣਾ 'ਸਰ' ਦਾ ਖਤਾਬ ਵਾਪਸ ਕਰ ਦੇਵਾਂ।" ਮਈ 30, 1919.

ਮਹਾਤਮਾ ਗਾਂਧੀ ਨੇ 'ਕੇਸਰਿ-ਹਿੰਦ' ਦਾ ਖਿਤਾਬ ਇਕ ਸਾਲ ਪਿਛੋਂ ਛੱਡਿਆ ਸੀ।

ਮਹਾਤਮਾ ਨਾਲ ਇਖ਼ਤਲਾਫ਼

ਟੈਗੋਰ ਸੁਰਾਜ ਹਾਸਲ ਕਰਨ ਦੇ ਪਰੋਗਰਾਮ ਵਿਚ ਚਰਖੇ ਤੇ ਸੂਤ ਕੱਤਣ ਨੂੰ ਕੋਈ ਕੀਮਤ ਨਹੀਂ ਸੀ ਦੇਂਦਾ। ਉਸ ਦੇ ਵਿਚਾਰ ਵਿਚ ਚਰਖ਼ੇ ਨੂੰ ਅਹਿਮੀਅਤ ਦੇਣ ਨਾਲ ਸੁਰਾਜ ਦਾ ਨਿਸ਼ਾਨਾ ਘਚੋਲੇ ਵਿਚ ਪੈ ਜਾਂਦਾ ਹੈ ਅਤੇ ਇਸ ਨੂੰ ਪਹਿਲ ਦੇਣਾ ਸਾਡੀ ਸੂਝ ਬੂਝ ਦੀ ਹੱਤਕ ਕਰਨਾ ਹੈ। 'ਦੇਸ਼ ਦੀ ਖ਼ੁਸ਼ਹਾਲੀ, ਬਾਰੇ ਸਾਡਾ ਨਜ਼ਰੀਆ ਸਾਫ ਤੇ ਸਪਸ਼ਟ ਹੋਣਾ ਚਾਹੀਦਾ ਹੈ। ਅੱਧ—ਪਚੱਧਾ ਨਕਸ਼ਾ ਸਾਡੀਆਂ ਯੋਗਤਾਵਾਂ ਨੂੰ ਨਗੂਣਾ ਬਣਾਂਦਾ ਹੈ। ਜੇ ਅਸੀਂ ਨਗੂਣੀ ਮੂਰਤ ਬਣਾਂਦੇ ਹਾਂ ਤਾਂ ਸਾਡੇ ਜਤਨ ਵੀ ਨਗੂਣੇ ਹੋਣਗੇ। ਦੁਨੀਆਂ ਦੇ ਉਚਤਮ ਸਿਆਸਤਦਾਨ, ਜਿਨ੍ਹਾਂ ਨੇ ਆਪਣੇ ਦੇਸ਼ ਤੇ ਮਾਨਤਾ ਲਈ ਸਖਤ ਤੋਂ ਸਖਤ ਕੁਰਬਾਨੀਆਂ ਕੀਤੀਆਂ ਹਨ, ਬੜੇ ਉੱਚੇ ਆਦਰਸ਼ਾਂ ਨਾਲ ਲੜਦੇ ਰਹੇ ਹਨ। ਆਤਮ ਕੁਰਬਾਨੀ ਦੇ ਕਾਰਜ ਲਈ ਬਹੁਤ ਵੱਡੇ ਆਦਰਸ਼ ਦੀ ਲੋੜ ਹੈ। ਜੇ ਅਸੀਂ ਸੁਰਾਜ ਹਾਸਲ ਕਰਨ ਦੇ ਜਤਨਾ ਨੂੰ ਗੰਭੀਰਤਾ ਨਾਲ ਲੈਂਦੇ ਹਾਂ ਤਾਂ ਸਾਨੂੰ ਦੇਸ਼ ਸਾਹਮਣੇ ਸੁਰਾਜ ਦੀ ਪੂਰਣ ਰੂਪ-ਰੇਖਾ ਰਖਣੀ ਚਾਹੀਦੀ ਹੈ। ਇਕ ਅੰਗ ਨਹੀਂ ਰਖਣਾ ਚਾਹੀਦਾ।

ਨਾਮਿਲਵਰਤਣ ਦੇ ਸੰਬੰਧ ਵਿਚ ਮਹਾਤਮਾ ਗਾਂਧੀ ਨਾਲ ਉਸ ਦੇ ਹੋਰ ਵੀ ਮਤਭੇਦ ਸਨ। ਉਹ ਬਦੇਸ਼ੀ ਕਪੜਿਆਂ ਦੀ ਹੋਲੀ ਨੂੰ ਨਹੀਂ ਸੀ ਪਸੰਦ ਕਰਦਾ। ਨਾ ਹੀ ਇਹ ਪਰਵਾਨ ਕਰਦਾ ਸੀ ਕਿ ਭਾਰਤ ਦੀ ਆਰਥਕ ਜ਼ਿੰਦਗੀ ਦਾ ਸੂਤ ਕੱਤਣਾ ਹੀ ਇਕੋ ਇਕ ਇਲਾਜ ਸੀ। ਪਰ ਟੈਗੋਰ ਵਿਦਿਆਰਥੀਆਂ ਦੇ ਆਜ਼ਾਦੀ ਦੀ ਤਹਿਰੀਕ

ਵਿਚ ਹੱਸਾ ਲੈਣ ਦੇ ਮਾਮਲੇ ਵਿਚ ਦਰੁਸਤ ਨਹੀਂ ਸੀ। ਉਹ ਵਿਦਿਆਰਥੀਆਂ ਨੂੰ ਸਕੂਲ ਕਾਲਜ ਛਡਣੋਂ ਰੋਕਦਾ ਸੀ। ਜਦੋਂ ਕਿ ਮਹਾਤਮਾ ਗਾਂਧੀ ਦੀ ਨਾ ਮਿਲਵਰਤਣ ਦੇ ਪਰੋਗਰਾਮ ਦਾ ਇਕ ਅੰਗ ਵਿਦਿਆਰਥੀਆਂ ਤੋਂ ਸਕੂਲ ਕਾਲਜ ਛੁੜਾਨਾ ਸੀ। ਮਹਾਤਮਾ ਨੇ ਟੈਗੋਰ ਦੀ ਹਮਾਇਤ ਹਾਸਲ ਕਰਨ ਲਈ ਬੜਾ ਜ਼ੋਰ ਲਾਇਆ। ਸ਼ਾਂਤੀ ਨਿਕੇਤਨ ਵਿਚ ਜਾ ਕੇ ਮੁਲਾਕਾਤ ਵੀ ਕੀਤੀ ਪਰ ਉਹ ਟੈਗੋਰ ਨੂੰ ਕਾਇਲ ਨਹੀਂ ਕਰ ਸਕਿਆ। ਬਾਵਜੂਦ ਮਤਭੇਦਾਂ ਦੇ ਮਹਾਤਮਾ ਗਾਂਧੀ ਲਈ ਟੈਗੋਰ ਦੇ ਦਿਲ ਵਿਚ ਅਥਾਹ ਸਤਿਕਾਰ ਤੇ ਪਰੇਮ ਸੀ ਅਤੇ ਉਹ ਗਾਂਧੀ ਦੇ 'ਇਖ਼ਲਾਕੀ ਤਾਕਤ' ਦੇ ਅਸੂਲ ਦੀ ਬੜੀ ਸ਼ਲਾਘਾ ਕਰਦਾ ਸੀ।

ਕੌਮਾਂਤਰੀ ਖੇਤਰ ਵਿਚ

ਟੈਗੋਰ ਨੇ ਇਕ ਵਾਰ ਲਿਖਿਆ ਸੀ: 'ਜਿਹੜਾ ਸ਼ਖ਼ਸ ਆਪਣੇ ਲੋਕਾਂ ਨੂੰ ਅਜਨਬੀ ਬਣਾ ਲੈਂਦਾ ਹੈ, ਉਹ ਅਜਨਬੀਆਂ ਨੂੰ ਆਪਣਾ ਨਹੀਂ ਬਣਾ ਸਕਦਾ ਅਤੇ ਉਹ ਜਿਹੜਾ ਆਪਣੇ ਘਰ ਨੂੰ ਅਪਰਵਾਨ ਕਰਦਾ ਹੈ ਉਹ ਕਦੇ ਵੀ ਦੁਨੀਆਂ ਦਾ ਮੇਜ਼ਬਾਨ ਨਹੀਂ ਬਣ ਸਕਦਾ। ਇਹ ਖਿਆਲ ਕਰਨਾ ਫਜ਼ੂਲ ਹੈ ਕਿ ਜ਼ਮੀਨ ਤੋਂ ਆਪਣੀ ਪੈਰ-ਧਰਾਈ ਤਿਆਗ ਕੇ ਅਸੀਂ ਦੁਨੀਆਂ ਨੂੰ ਆਪਣੇ ਨਾਲ ਜੋੜ ਸਕਦੇ ਹਾਂ।

ਟੈਗੋਰ ਸਾਰੀ ਦੁਨੀਆਂ ਵਿਚ ਘੁੰਮਿਆ ਫਿਰਿਆ ਸੀ ਅਤੇ ਯੂਰਪ ਦਾ ਉੱਚਤਮ ਸਾਹਿਤਕਾਰ ਉਸ ਦੇ ਮਿਤਰ ਸਨ। ਉਹਨਾਂ ਨੂੰ ਉਸ ਨੇ ਇਤਿਹਾਸ ਦੇ ਕੁਛ ਮੋੜਾਂ ਤੇ ਬੜੀਆਂ ਮਹੱਤਤਾ ਪੂਰਣ ਚਿੱਠੀਆਂ ਲਿਖੀਆਂ ਸਨ ਜਿਨ੍ਹਾਂ ਵਿਚ ਅਮਨ, ਸਿਵਲ ਅਜ਼ਾਦੀਆਂ ਜ਼ੁਲਮ, ਫਾਸ਼ਿਜ਼ਮ ਵਗੈਰਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਸਨ।

ਟੈਗੋਰ ਨੇ ਰਾਜਸੀ ਖੇਤਰ ਦੇ ਲਗਭਗ ਹਰ ਹਰ ਮਸਲੇ ਤੇ ਆਪਣੇ ਵਿਚਾਰ ਪ੍ਰਗਟ ਕੀਤੇ। 1938 ਵਿਚ ਜਦੋਂ ਹਿੰਦੁਸਤਾਨ ਨੂੰ ਵਿਧਾਨ ਦੇਣ ਦੀ ਚਰਚਾ ਹੋਈ ਤਾਂ ਉਸ ਨੇ ਕਿਹਾ: ਇਸ ਬਾਰੇ "ਚਿੰਤਾ" ਕਰਨੀ ਫ਼ਜ਼ੂਲ ਹੈ। ਇਹ "ਨੌਕਰਸ਼ਾਹਾਂ" ਨੇ ਬਣਾਇਆ ਹੈ। ਇਕ ਪਾਸੇ ਇਸ ਦੀ ਘਾੜਤ ਘੜੀ ਜਾ ਰਹੀ ਸੀ ਅਤੇ ਦੂਜੇ ਪਾਸੇ "ਸਾਡੇ ਚੰਗੇ ਤੋਂ ਚੰਗੇ ਆਦਮੀਆਂ ਤੇ ਔਰਤਾਂ ਨੂੰ, ਮੁਖ ਤੌਰ ਤੇ ਬਗੈਰ ਮੁਕੱਦਮਾ" ਚਲਾਇਆਂ, ਜੇਲਾਂ ਵਿਚ ਠੋਸਿਆ ਜਾ ਰਿਹਾ ਸੀ। ਇਹ ਵਿਧਾਨ ਸਾਡੇ ਵਿਚ ਅਵਿਸ਼ਵਾਸ ਨੂੰ ਮੂਰਤੀਮਾਨ ਕਰਦਾ ਹੈ।

ਟੈਗੋਰ ਹਿੰਦੁਸਤਾਨੀ ਫੌਜਾਂ ਦੇ ਬਾਹਰਲੇ ਦੇਸ਼ਾਂ ਵਿਚ ਭੇਜੇ ਤੇ ਵਰਤੇ ਜਾਣ ਦੇ ਸਖਤ ਵਿਰੁਧ ਸੀ ਅਤੇ ਉਸ ਨੂੰ ਬੜਾ ਦੁਖ ਹੋਇਆ ਸੀ ਜਦੋਂ ਏਥੋਂ ਦੀਆਂ ਤਲਬ-ਵਿਕੀਆਂ ਫੌਜਾਂ ਸੀਰੀਆ ਤੇ ਮੈਸੋਪੋਟੇਮੀਆਂ ਵਿਚ ਸਾਮਰਾਜੀ ਲੁੱਟ ਖੋਹ ਲਈ ਵਰਤੀਆਂ ਜਾ ਰਹੀਆਂ ਸਨ ਅਤੇ ਉਸ ਨੇ ਗੁਲਾਮ ਕੌਮ ਦੇ ਮੈਂਬਰ ਦੇ ਨਾਤੇ ਪਰੋਟੈਸਟ ਕਰਦਿਆਂ ਲਿਖਿਆ ਸੀ ਕਿ ਹਿੰਦੁਸਤਾਨੀਆਂ ਨੂੰ ਆਪਣੀ ਰਖਿਆ ਲਈ ਤਾਂ ਵਾਂਝਿਆਂ ਕਰ ਦਿਤਾ ਗਿਆ ਹੈ। ਪਰ ਉਹਨਾਂ ਨੂੰ ਜੰਗਜੂ ਮਸ਼ੀਨਾਂ ਬਣਾ ਕੇ ਸਾਮਰਾਜੀ ਪਸਾਰੇ ਲਈ ਬਦੇਸ਼ਾਂ ਵਿਚ ਲੜਾਇਆ ਜਾ ਰਿਹਾ ਹੈ। (1920) 'ਰਸ਼ੀਆ ਦੀ ਚਿੱਠੀ' ਵਿਚ ਉਸ ਨੇ ਰੂਸੀ ਇਨਕਲਾਬ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਕਿਹਾ: "ਜੇ ਮੈਂ ਰੂਸ ਵਿਚ ਨਾ ਆਉਂਦਾ ਤਾਂ ਮੇਰੀ ਜੀਵਨ ਯਾਤਰਾ ਅਪੂਰਣ ਰਹਿੰਦੀ। ਉਹਨਾਂ ਦੀਆਂ ਚੰਗੀਆਂ ਮਾੜੀਆਂ ਸਰਗਰਮੀਆਂ ਬਾਰੇ ਨਿਆਂ ਭਰੀ ਰਾਏ ਦੇਣ ਤੋਂ ਪਹਿਲੋਂ ਜਿਹੜੀ ਗੱਲ ਮੈਨੂੰ ਖਿੱਚਦੀ ਹੈ ਉਹ ਇਹ ਹੈ: ਉਹ। ਕਿਤਨੀ ਅਵਿਸ਼ਵਾਸਨੀ ਜੁਰਅਤ। ਜਿਸ ਨੂੰ ਪਰੰਪਰਾ ਆਖਿਆ ਜਾਂਦਾ ਹੈ ਮਨੁੱਖ ਨੂੰ ਹਜ਼ਾਰ ਤਰੀਕਿਆਂ ਨਾਲ ਚੰਬੜੀ ਰਹਿੰਦੀ ਹੈ।......ਇਥੇ ਰੂਸ ਵਿਚ ਉਹਨਾਂ ਨੇ ਇਸ ਨੂੰ ਜੜ੍ਹਾਂ ਤੋਂ ਫੜ ਕੇ ਉਖਾੜ ਸੁਟਿਆ ਹੈ, ਉਹਨਾਂ ਦੇ ਮਨਾਂ ਵਿਚ ਕੋਈ ਡਰ ਨਹੀਂ, ਕੋਈ ਹਿਚਕਚਾਹਟ ਨਹੀਂ... ਰੂਸੀ ਇਨਕਲਾਬ ਦਾ ਨਾਅਰਾ ਦੁਨੀਆਂ ਭਰ ਦਾ ਨਾਅਰਾ ਵੀ ਹੈ। ਘੱਟੋ ਘੱਟ ਇਹ ਕੌਮ, ਦੁਨੀਆਂ ਦੀਆਂ ਸਾਰੀਆਂ ਕੌਮਾਂ ਨਾਲੋਂ ਅੱਜ ਆਪਣੇ ਕੌਮੀ ਹਿੱਤਾਂ ਤੋਂ ਛੁੱਟ ਸਾਰੀ ਮਨੁੱਖ ਜਾਤੀ ਦੇ ਹਿਤਾਂ ਬਾਰੇ ਸੋਚ ਰਹੀ ਹੈ। ਜਦੋਂ ਹਿਟਲਰ ਨੇ ਰੂਸ ਉੱਤੇ ਹਮਲਾ ਕਰਕੇ ਕੁਛ ਜਿੱਤਾਂ ਜਿੱਤੀਆਂ ਤਾਂ ਟੈਗੋਰ ਨੂੰ ਬੜੀ ਚਿੰਤਾ ਹੋਈ। ਉਹ ਰੂਸ ਦਾ ਭਲਾ ਚਾਹੁੰਦਾ ਸੀ'। ਉਤਰ ਉਸ ਸਭਿਅਤਾ ਤੋਂ ਬੜਾ ਪ੍ਰਭਾਵਿਤ ਸੀ ਜਿਸ ਵਿਚ ਉੱਚੀ ਤੋਂ ਉੱਚੀ ਵਿਦਿਆ ਦੇ ਲਾਭ ਉਸ ਦੀ ਸਾਰੀ ਜਨਤਾ ਲਈ ਆਜ਼ਾਦੀ ਸਹਿਤ ਹਾਸਲ ਸਨ।

ਮਰਨ ਤੋਂ, ਚਾਰ ਸਾਲ ਪਹਿਲੋਂ ਉਸ ਨੇ ਫਾਜ਼ਿਜ਼ਮ ਦੇ ਵਿਰੋਧ ਵਿਚ ਇਕ ਕਵਿਤਾ ਲਿਖੀ ਸੀ ਜਿਸ ਵਿਚ ਉਸ ਨੇ ਫਾਸ਼ਿਸਟਾਂ ਨੂੰ 'ਪੇਲਦੇ ਸੱਪਾਂ' ਦਾ ਕੁਨਾਮ ਦਿਤਾ ਸੀ ਜਿਹੜੇ

'ਆਲੇ ਦੁਆਲੇ ਦੀ ਹਵਾ ਜ਼ਹਿਰੀਲੇ ਫੁੰਕਾਰਿਆਂ ਨਾਲ ਗੰਦੀ ਕਰ ਰਹੇ ਹਨ ਅਤੇ ਜਿਨ੍ਹਾਂ ਨੂੰ ਅਮਨ ਦੇ ਕੋਮਲ ਸ਼ਬਦ "ਹਾਸਾ-ਮਜ਼ਾਕ" ਸੁਣਾਈ ਦੇਂਦੇ ਸਨ। ਉਸ ਨੇ ਹੋਕਾ ਦਿਤਾ ਕਿ ਇਨਸਾਨੀ ਸ਼ਕਲ ਵਿਚ ਇਹਨਾਂ ਦਰਿੰਦਿਆਂ ਵਿਰੁਧ' ਤਕੜੇ ਹੋ ਕੇ ਲੜੋ।

1937 ਵਿਚ ਜੂਟ ਦੇ ਕਾਰਖਾਨਿਆਂ ਦੇ ਮਜ਼ਦੂਰਾਂ ਦੀ ਹੜਤਾਲ ਦੇ ਸਮੇਂ ਟੈਗੋਰ ਨੇ ਮਜ਼ਦੂਰਾਂ ਦੀ ਹਮਾਇਤ ਵਿਚ ਚੰਦੇ ਲਈ ਅਪੀਲ ਕਰਦਿਆਂ ਆਖਿਆ ਸੀ: ਮਾਨਵਤਾ ਮੰਗ ਕਰਦੀ ਹੈ ਕਿ "ਜਿਹੜੇ ਲੋਕ ਸਮਾਜ ਦਾ ਬੋਝ ਚੁੱਕਦੇ ਹਨ ਸਮਾਜ ਵਲੋਂ ਉਹਨਾਂ ਦੇ ਹਿਤਾਂ ਦੀ ਰਖਵਾਲੀ ਕੀਤੀ ਜਾਵੇ ਕਿਉਂਕਿ ਉਹਨਾਂ ਦੀਆਂ ਜ਼ਿਆਦਾ ਉਜਰਤਾਂ ਤੇ ਕੰਮ ਦੀਆਂ ਹਾਲਤਾਂ ਬਿਹਤਰ ਬਣਾਣ ਦੀਆਂ ਮੰਗਾਂ ਦਰੁਸਤ ਤੇ ਵਾਜਬ ਹਨ।"

ਅਤੇ 1941 ਵਿਚ ਉਸਨੇ ਇਕ ਲੰਮੀ ਕਵਿਤਾ ਦਾ ਅਖੀਰੀ ਬੰਦ ਇਹ ਲਿਖਿਆ ਸੀ।

ਸ਼ਾਹਨਸ਼ਾਹੀਆਂ ਲੰਘ ਗਈਆਂ।
ਅਤੇ ਉਹਨਾਂ ਦੇ ਖੰਡਰਾਂ ਤੇ ਮਿੱਟੀ—ਸੁਆਹ ਉੱਤੇ
ਉਹ ਰੋਜ਼ਾਨਾ ਕੰਮ ਕਾਜ ਵਿਚ ਜੁਟੇ ਰਹਿੰਦੇ ਹਨ।
—ਇਹ ਮਿਹਨਤਕਸ਼ ਲੋਕ।

ਟੈਗੋਰ ਖੁਦ ਜਾਗੀਰਦਾਰ ਸੀ। ਜਾਗੀਰਦਾਰਾਂ ਵਿਚੋਂ ਕੋਈ ਟਾਵਾਂ ਮਰਦ ਹੀ, ਇਤਿਹਾਸ ਵਿਚ ਨਿਕਲਿਆ ਹੈ ਜਿਹੜਾ ਆਪਣੇ ਸ਼੍ਰੇਣੀ ਹਿਤਾਂ ਨੂੰ ਕੁਰਬਾਨ ਕਰਕੇ ਲੋਕ ਹਿਤਾਂ ਦਾ ਝੰਡੇ ਬਰਦਾਰ ਬਣਿਆ ਹੋਵੇ। ਟੈਗੋਰ ਨੇ ਆਜ਼ਾਦੀ ਦੇ ਹੱਕ ਵਿਚ ਉਸ ਵੇਲੇ ਅਵਾਜ਼ ਉਠਾਈ ਜਦੋਂ ਕਿ ਸਾਰੀ ਜਾਗੀਰਦਾਰੀ ਤੂੰ ਰਾਜਸ਼ਾਹੀ ਆਜ਼ਾਦੀ ਦੀ ਦੁਸ਼ਮਣ ਬਰਿਟਿਸ਼ ਰਾਜ ਦੀ ਪਿੱਠੂ ਬਣੀ ਹੋਈ ਸੀ, ਅਤੇ ਟੈਗੋਰ ਤੇ ਸ਼ੱਕ ਕੀਤਾ ਜਾ ਰਿਹਾ ਸੀ ਕਿ ਉਹ ਅਤੰਕ-ਵਾਦੀਆਂ ਨਾਲ ਖ਼ੁਫ਼ੀਆ ਸੰਬੰਧ ਕਾਇਮ ਕੀਤੀ ਬੈਠਾ ਹੈ। ਉਸ ਨੇ ਬੰਗਾਲ ਦੀ ਤਕਸੀਮ ਵੇਲੇ ਜਾਗੀਰਦਾਰਾਂ ਨੂੰ ਆਖਿਆ ਸੀ ਕਿ ਮੁਜ਼ਾਰਿਆਂ ਉੱਤੇ ਹੋ ਰਹੇ ਜੁਰਮਾਨਿਆਂ, ਕੁਤਕੀਆ ਵਗੈਰਾ ਦਾ ਭਾਰ ਹੋਲਾ ਕਰੋ ਅਤੇ ਰੂਸ ਦੇ ਇਨਕ-ਲਾਬ ਦਾ ਅਧਿਐਨ ਕਰਕੇ ਖਿਆਲ ਪ੍ਰਗਟ ਕੀਤਾ ਸੀ ਕਿ ਜਾਗੀਰਦਾਰੀ ਬਾਰੇ ਕੁਛ ਨਾ ਕੁਛ ਕਰਨਾ ਪਵੇਗਾ। ਉਹਨਾਂ ਦਿਨਾਂ ਵਿਚ ਟੈਗੋਰ ਜਿਹੀ ਸ਼ਖ਼ਸੀਅਤ ਤੇ ਮੂੰਹੋਂ ਇਹ ਤਰੱਕੀ-ਪਸੰਦ ਵਾਕ ਬੜਾ ਮਹੱਤਵ ਰਖਦੇ ਹਨ।

ਆਮ ਲੋਕਾਂ ਵੱਲ ਟੈਗੋਰ ਦਾ ਰਵੱਈਆ ਆਪਣੀ ਕਵਿਤਾ ਦੇ ਪਿਆਰ ਨਾਲੋਂ ਵੀ ਜ਼ਿਆਦਾ ਪਿਆਰ ਵਾਲਾ ਸੀ। ਉਸ ਲਿਖਿਆ: ਅਤੇ ਵਕਤ ਆਇਆ ਜਦੋਂ ਮੈਨੂੰ ਸਾਹਿਤ ਦੇ ਰੁਝੇਵੇਂ ਤੋਂ ਅਲੱਗ ਹੋਣਾ ਪਿਆ ਕਿਉਂਕਿ ਭਾਰਤੀ ਜਨਤਾ ਦੀ ਭਿਆਨਕ ਕੰਗਾਲੀ ਤੋਂ ਅੱਖਾਂ ਮੀਟਣਾ ਮੇਰੇ ਲਈ ਮੁਸ਼ਕਲ ਹੋ ਗਿਆ ਸੀ। ਮੈਂ ਮਹਿਸੂਸ ਕੀਤਾ ਕਿ ਸ਼ਾਇਦ ਕਿਸੇ ਦੂਸਰੇ ਅਧੁਨਿਕ ਰਾਜ ਵਿਚ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ-ਖੁਰਾਕ ਤੇ ਕਪੜੇ ਵਿਦਿਆ ਤੇ ਸਿਹਤ ਸੇਵਾ ਵੱਲ ਏਹੋ ਜੇਹੀ ਅਨਗਹਿਲੀ ਨਹੀਂ, ਦੂਜੇ ਬੰਨੇ, ਇਹ 'ਸ਼ੋਸ਼ਿਤ ਵਸੀਲੇ' ਹੀ ਸਨ ਜਿਹੜੇ ਕਿ ਸਾਲੋ ਸਾਲ 'ਬਰਿਟਿਸ਼ ਨਸਲ ਦੀ ਦੋਲਤ ਵਿਚ ਢੇਰਾਂ ਦੇ ਢੇਰਾਂ ਦਾ ਵਾਧਾ ਕਰੀ ਜਾਂਦੇ ਸਨ।......

ਟੈਗੋਰ ਇਕ ਉੱਚੇ ਦਰਜੇ ਦਾ ਇਨਸਾਨ ਤੇ ਮਹਾਨ ਕਵੀ ਸੀ। ਉਹ ਦੁਨੀਆਂਵੀ ਮਸਲਿਆਂ ਤੋਂ ਪੱਲਾ ਛੁੜਾਣ ਦੇ ਖਿਲਾਫ਼ ਤੇ ਉਹਨਾਂ ਨੂੰ ਸੰਗਰਾਮਾਂ ਰਾਹੀਂ ਹਲ ਕਰਨ ਦਾ ਹਾਮੀ ਸੀ। ਉਸਦੇ ਕੋਸ਼ ਵਿਚ ਨਿਰਾਸ਼ਾਵਾਦ ਜੇਹੀ ਕੋਈ ਵਸਤੂ ਨਹੀਂ ਸੀ।

ਪੁਸਤਕਾਂ ਜਿਨ੍ਹਾਂ ਵਿਚੋਂ ਟੈਗੋਰ 'ਤੇ ਸਮਗਰੀ ਹਾਸਲ ਕੀਤੀ ਗਈ।

1. Towards Universal man, edited by Humayan Kabir.
2. Rabindra Nath Tagore : A biography-by Krishna Kriplani.
3. Tagore and the world, by Chinmohan Sehanavis.
4. Rabindra Nath Tagore : Some Extracts from his works from 1878 to 1941, by Chinmohan Sehanavis.
5. ਟੈਗੋਰ ਗ੍ਰੰਥਾਵਲੀ : ਜਿਲਦ ਇਕ (ਬੰਗਲਾ)

(ਚਲਦਾ)

ਵਾਰਤਾ ਇਕ ਨਵੀਂ

ਸਾਨੂੰ ਅਜ਼ਾਦੀ ਚਾਹੀਦੀ ਹੈ

—ਪ੍ਰੀਤਮ ਸਿੰਘ ਪੰਛੀ

1946 ਦੀ ਇਕ ਸਵੇਰ ਨੂੰ ਜਿਸ ਖਬਰ ਨੇ ਲੋਕਾਂ ਨੂੰ ਚੌਂਕਾ ਦਿਤਾ, ਉਹ ਸੀ ਜੇਲ੍ਹਾਂ ਵਿਚੋਂ ਕੌਮੀ ਆਗੂਆਂ ਦੀ ਰਿਹਾਈ ਅਤੇ ਅੰਗਰੇਜ਼ ਵਾਇਸਰਾਏ ਦਾ ਇਹ ਐਲਾਨ ਕਿ ਅਜ਼ਾਦੀ ਸਬੰਧੀ ਵਿਚਾਰ ਕਰਨ ਲਈ ਹਿੰਦੁਸਤਾਨ ਭਰ ਦੀਆਂ ਪਰਮੁਖ ਰਾਜਨੀਤਕ ਪਾਰਟੀਆਂ ਦੇ ਪਰਤੀ-ਨਿਧੀਆਂ ਦੀ ਇਕ ਕਾਨਫਰੰਸ ਸ਼ਿਮਲੇ ਬੁਲਾਈ ਜਾ ਰਹੀ ਹੈ। ਸਾਰੇ ਦੇਸ਼ ਵਿਚ ਜਿਥੇ ਮੁਰਦਹਾਣੀ ਛਾਈ ਹੋਈ ਸੀ, ਓਥੇ ਹੁਣ ਇਕ ਨਵਾਂ ਉਤਸ਼ਾਹ ਦਿਖਾਈ ਦੇਣ ਲੱਗਾ। ਜੇਲ੍ਹ ਵਿਚੋਂ ਬਾਹਰ ਆਉਂਦਿਆਂ ਪੰਡਿਤ ਜਵਾਹਰ ਲਾਲ ਨਹਿਰੂ ਜਿਹੇ ਹਰਮਨ ਪਿਆਰੇ ਆਗੂਆਂ ਦੇ ਰਾਹਾਂ ਤੇ ਲੋਕਾਂ ਨੇ ਅੱਖਾਂ ਵਿਛਾ ਦਿਤੀਆਂ। ਨਿਰਾਸ਼ ਚਿਹਰਿਆਂ ਉੱਤੇ ਇਕ ਨਵੀਂ ਚਮਕ ਦਿਖਾਈ ਦੇਣ ਲੱਗੀ। ਬੰਦ ਮੂੰਹ ਖੁਲ੍ਹੇ ਅਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਗੂੰਜਣ ਲੱਗੇ। ਏਧਰ ਲੋਕ-ਸ਼ਕਤੀ ਦੇ ਇਸ ਹੜ੍ਹ ਦਾ ਵੇਗ ਵਗ ਰਿਹਾ ਸੀ ਅਤੇ ਓਧਰ ਅੰਗਰੇਜ਼ ਇਸ ਹੜ੍ਹ ਅੱਗੇ ਰੋਕ ਖੜੀ ਕਰਨ ਲਈ ਮੁਸਲਿਮ ਲੀਗ ਜੇਹੀਆਂ ਫਿਰਕੂ ਜਮਾਤਾਂ ਨੂੰ ਸ਼ਹਿ ਦੇ ਰਿਹਾ ਸੀ।

ਮੈਂ ਉਹਨੀਂ ਦਿਨੀਂ ਸਪਤਾਹਿਕ 'ਸਤਿਜੁਗ' ਦਾ ਸੰਪਾਦਕ ਸਾਂ। ਹਫਤੇ ਦੇ ਦੋ-ਤਿੰਨ ਦਿਨ ਲੁਧਿਆਣੇ ਆਪਣੇ ਦੋਸਤਾਂ ਦੀਆਂ ਗੋਸ਼ਟੀਆਂ ਵਿਚ ਗੁਜ਼ਰਦੇ ਸਨ। ਫੀਲਡਗੰਜ ਨਾਮਧਾਰੀ ਧਰਮਸਾਲਾ ਤੋਂ ਚਾਰ ਪੰਜ ਮਕਾਨ ਛੱਡਕੇ ਉਰਦੂ ਦੇ ਪ੍ਰਸਿਧ ਸ਼ਾਇਰ ਸਾਹਿਰ ਲੁਧਿਆਣਵੀ ਦਾ ਘਰ ਸੀ। ਸਾਡੀਆਂ ਜ਼ਿਆਦਾ ਤਰ ਗੋਸ਼ਟੀਆਂ ਓਥੇ ਹੀ ਹੁੰਦੀਆਂ। ਇਹਨਾ ਗੋਸ਼ਟੀਆਂ ਵਿਚ ਬਾਕਾਇਦਾ ਸ਼ਾਮਲ ਹੋਣ ਵਾਲੇ ਗਿਆਨੀ ਅਜਮੇਰ ਸਿੰਘ ਲੋਹਗੜ੍ਹ, ਅਜਾਇਬ ਚਿਤ੍ਰਕਾਰ ਅਤੇ ਜਰਨੈਲ ਸਿੰਘ ਅਰਸ਼ੀ ਵਗੈਰਾ ਹੁੰਦੇ ਸਨ।

ਇਕ ਦਿਨ ਅਜਿਹੀ ਗੋਸ਼ਟੀ-ਤੋਂ ਉਠਕੇ ਮੈਂ ਤੇ ਗਿਆਨੀ ਅਜਮੇਰ ਸਿੰਘ ਸੌਣ ਲਈ ਨਾਮਧਾਰੀ ਧਰਮ-ਸਾਲਾ ਗਏ। ਗਿਆਨੀ ਅਜਮੇਰ ਸਿੰਘ ਆਪਣੀ ਸੁਰ ਭਦੌੜੀਆਂ ਨਾਲ ਮਿਲਾਉਂਦਾ ਸੀ ਤੇ ਮੈਂ ਪੱਕਾ ਨਾਮਧਾਰੀ ਸੀ। ਫਿਰ ਵੀ ਸਾਡੀ ਖੂਬ ਨਿਭਦੀ ਸੀ। ਮੈਨੂੰ ਉਹਦੇ ਪਰਿਵਾਰ ਵਿਚ ਅਪਣੱਤ ਮਹਿਸੂਸ ਹੁੰਦੀ ਸੀ।

ਧਰਮਸਾਲਾ ਦੀ ਛੱਤ ਉੱਤੇ ਰਾਤ ਗੱਲਾਂ ਕਰਦਿਆਂ ਸਾਨੂੰ ਫੁਰਨਾ ਫੁਰਿਆ—ਸ਼ਿਮਲੇ ਵੇਵਲ ਕਾਨਫਰੰਸ ਹੋ ਰਹੀ ਹੈ, ਕਿਉਂ ਨਾ ਚਲਿਆ ਜਾਵੇ? ਹਿੰਦੁਸਤਾਨ ਦੇ ਕੌਮੀ ਆਗੂਆਂ ਦੇ ਦਰਸ਼ਨਾਂ ਦੇ ਨਾਲ ਨਾਲ ਸ਼ਿਮਲੇ ਦੀ ਸੈਰ।

ਗਿਆਨੀ ਜੀ ਤਿਆਰ ਹੋ ਗਏ। ਅਸੀਂ ਆਪਣੀਆਂ ਜੇਬਾਂ ਟਟੋਲੀਆਂ ਜਾਣ ਜੋਗੇ ਪੈਸੇ ਹੈ ਸਨ। ਵਾਪਸੀ ਰੱਬ ਦੇ ਭਰੋਸੇ ਛੱਡ ਦਿਤੀ। ਕਾਲਕਾ ਨੂੰ ਤੜਕੇ ਗੱਡੀ ਜਾਂਦੀ ਸੀ, ਇਸ ਲਈ ਰਾਤ ਚੰਗੀ ਤਰ੍ਹਾਂ ਨੀਂਦ ਵੀ ਨਹੀਂ ਆਈ ਅਤੇ ਤੜਕ-ਸਾਰ ਉਠਕੇ ਸਟੇਸ਼ਨ ਦਾ ਰਾਹ ਫੜਿਆ। ਉਸ ਵੇਲੇ ਗਲ ਦੇ ਕਪੜਿਆਂ ਦੇ ਸਿਵਾਏ ਹੋਰ ਕੋਈ ਕਪੜਾ ਵੀ ਨਹੀਂ ਸੀ।

ਕਾਲਕਾ ਤੋਂ ਅਗੇ ਛੋਟੀ ਲਾਈਨ ਦਾ ਸਫਰ ਬਹੁਤ ਦਿਲਚਸਪ ਸੀ। ਸਾਡੇ ਡੱਬੇ ਵਿਚ ਪੰਜਾਬ ਦੇ ਕੁਝ ਮਨੇ-ਪਮੰਨੇ ਲੋਕ ਵੀ ਸਨ। ਉਹਨਾਂ ਵਿਚ ਸ੍ਰੀਮਤੀ ਸ਼ੰਨੋ ਦੇਵੀ, ਗਿਆਨੀ ਹੀਰਾ ਸਿੰਘ ਦਰਦ ਅਤੇ ਡਾ: ਅਵਤਾਰ ਸਿੰਘ ਦਲੇਰ ਦੇ ਨਾਂਅ ਵਰਨਣ ਯੋਗ ਹਨ। ਸ੍ਰੀਮਤੀ ਸ਼ੰਨੋ ਦੇਵੀ ਲਾਹੌਰ ਤੋਂ ਹਿੰਦੀ ਦਾ ਇਕ ਰੋਜ਼ਾਨਾ ਅਖਬਾਰ ਕਢਦੇ ਸਨ ਅਤੇ ਕਾਂਗਰਸ ਵਿਚ ਉਹਨਾਂ ਦੀ ਚੰਗੀ ਥਾਂ ਸੀ। ਉਹ ਸਾਰੇ ਰਾਹ ਆਪ ਹੀ ਬੋਲਦੇ ਗਏ। ਸਰੋਜਨੀ ਨਾਇਡੂ ਨਾਲ ਗਿਲੇ ਸ਼ਿਕਵੇ ਅਤੇ ਕਾਂਗਰਸ ਦੇ ਹੋਰ ਵੱਡੇ ਆਗੂਆਂ ਨਾਲ ਆਪਣੀ ਸਾਂਝ ਦਾ ਪਿਛੋਕੜ ਬਿਆਨ ਕਰਦਿਆਂ ਸਫਰ ਸੌਖਾ ਕਟ ਗਿਆ। ਮੈਂ ਤੇ ਗਿਆਨੀ ਅਜਮੇਰ ਸਿੰਘ ਸਾਰੇ ਰਾਹ ਜਗਿਆਸੂ ਬਣੇ ਕੁਝ ਉਹਨਾਂ ਦੀਆਂ ਗਲਾਂ ਅਤੇ ਕੁਝ ਪਹਾੜੀ ਨਜ਼ਾਰਿਆਂ ਦਾ ਸੁਆਦ ਮਾਣਦੇ ਰਹੇ।

ਸ਼ਿਮਲੇ ਪਹੁੰਚ ਕੇ ਡਾ: ਅਵਤਾਰ ਸਿੰਘ ਦਲੇਰ ਨੇ ਪੁਛਿਆ - "ਠਹਿਰਣ ਦੀ ਕੋਈ ਥਾਂ ਹੈ?" ਦਲੇਰ ਜਲੰਧਰ ਦਾ ਹੋਣ ਕਰਕੇ ਮੈਨੂੰ ਪੁਰਾਣਾ ਜਾਣਦਾ ਸੀ ਪਰ ਮੈਂ ਉਸ

ਦੀ ਸਹ ਇਤਾ ਇਸ ਲਈ ਨਾ ਲਈ ਕਿ ਉਹ ਦੋ ਨਾਲ ਦੋ ਤਿੰਨ ਜਣੇ ਹੋਰ ਸਨ।

ਮੈਂ ਕਿਹਾ —"ਸਾਡਾ ਟਿਕਾਣਾ ਬਣ ਜਾਊ ਫ਼ਿਕਰ ਨਾ ਕਰੋ।"

ਸ਼ਿਮਲੇ ਦੇ ਇਕ ਦੋ ਨਾਮਧਾਰੀ ਠੇਕੇਦਾਰਾਂ ਤੋਂ ਮੈਂ ਜਾਣੂ ਸਾਂ। ਅਸੀਂ ਇਕ ਠੇਕੇਦਾਰ ਦੇ ਘਰ ਜਾ ਡੇਰਾ ਲਾਇਆ। ਉਹਨੀਂ ਦਿਨੀਂ ਹਿੰਦੁਸਤਾਨ ਭਰ ਦੀਆਂ ਸਰਗਰਮੀਆਂ ਦਾ ਕੇਂਦਰ ਸ਼ਿਮਲਾ ਬਣਿਆ ਹੋਇਆ ਸੀ: ਸਾਰੀਆਂ ਪਾਰਟੀਆਂ ਦੇ ਆਗੂ ਦਿਖਾਈ ਦੇ ਜਾਂਦੇ ਸਨ। ਨਾਮਧਾਰੀ ਠੇਕੇਦਾਰ ਤੋਂ ਪਤਾ ਲਗਾ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਸ਼ਿਮਲੇ ਵਿਚ ਮੌਜੂਦ ਸਨ।

ਕਪੜੇ ਨਾ ਹੋਣ ਕਰਕੇ ਸਫ਼ੈਦਪੋਸ਼ੀ ਵਿਚ ਅਸੀਂ ਸਿਰਫ ਇਕ ਦਿਨ ਸ਼ਿਮਲੇ ਵਿਚ ਰਹਿ ਸਕਦੇ ਸਾਂ। ਇਸ ਲਈ ਸਵੇਰੇ ਠੇਕੇਦਾਰ-ਪਰਿਵਾਰ ਨਾਲ ਨਾਸ਼ਤਾ ਕਰਕੇ ਵਧ ਤੋਂ ਵਧ ਰਾਜਨੀਤਕ ਸਰਗਰਮੀਆਂ ਦੀ ਟੋਹ ਲੈਣ ਦੀ ਸੋਚ ਕੇ ਚਲ ਪਏ। ਸੀਸਲ ਹੋਟਲ ਪੁਜੇ ਤਾਂ ਪੰਡਿਤ ਜਵਾਹਰ ਲਾਲ ਨਹਿਰੂ, ਮੀਰਾ ਬੇਨ ਨਾਲ ਘੋੜਿਆਂ ਦੀ ਸਵਾਰੀ ਕਰਨ ਤੋਂ ਪਹਿਲਾਂ ਕੁਝ ਲੋਕਾਂ ਨਾਲ ਹੱਥ ਮਿਲਾ ਰਹੇ ਸਨ। ਸਾਡੀ ਨਮਸਕਾਰ ਦਾ ਜੁਆਬ ਜਦੋਂ ਉਹਨਾਂ ਵਲੋਂ ਮੋੜਵਾਂ ਮਿਲਿਆ ਤਾਂ ਅਸੀਂ ਆਪਣੀ ਸ਼ਿਮਲਾ ਯਾਤਰਾ ਸਫਲ ਸਮਝੀ।

ਅਸੀਂ ਕਦੇ ਵਾਇਸਰਾਏ ਭਵਨ ਅਤੇ ਕਦੇ ਰਾਜ ਕੁਮਾਰੀ ਅੰਮ੍ਰਿਤ ਕੌਰ ਦੀ ਕੋਠੀ ਦਾ ਚਕਰ ਕਟਦੇ। ਗਾਂਧੀ ਜੀ ਰਾਜ ਕੁਮਾਰੀ ਦੀ ਕੋਠੀ ਠਹਿਰੇ ਹੋਏ ਸਨ। ਕਈ ਲੋਕਾਂ ਨੂੰ ਮਿਲੇ। ਆਜ਼ਾਦੀ ਬਾਰੇ ਚਲ ਰਹੀ ਕਾਨਾਫੂਸੀ ਸੁਣੀ। ਬਹੁਤ ਸਾਰੇ ਵੱਡੇ ਆਗੂਆਂ ਦੀਆਂ ਖੂਬੀਆਂ ਅਤੇ ਕਮਜ਼ੋਰੀਆਂ ਨੂੰ ਘੋਖਿਆ।

ਫੀਲਡ ਮਾਰਸ਼ਲ ਲਾਰਡ ਵੇਵਲ 1946 ਵਿਚ ਹਿੰਦੁਸਤਾਨ ਦਾ ਵਾਇਸਰਾਏ ਬਣ ਕੇ ਆਇਆ ਸੀ। ਉਸ ਦੀ ਇਕੋ ਅੱਖ ਸੀ ਪਰ ਸਾਰਿਆਂ ਨੂੰ ਇਕ ਅੱਖ ਨਾਲ ਨਹੀਂ ਸੀ ਵੇਖਦਾ। ਵੇਵਲ ਕਹਿੰਦਾ ਸੀ—ਉਹ ਇਕ ਸਾਦ-ਮੁਰਾਦੇ ਸਿਪਾਹੀ ਦੇ ਇਲਾਵਾ ਹੋਰ ਕੁਝ ਨਹੀਂ ਸੀ। ਉਹ ਹਿੰਦੁਸਤਾਨੀ ਆਗੂਆਂ ਅਗੇ ਮੂੰਹ ਖੋਲਣੋਂ ਝਿਜਕਦਾ ਸੀ। ਹਿੰਦੁਸਤਾਨੀ ਗੱਲ ਕਰਨਾ ਜਾਣਦੇ ਸਨ। ਗਾਂਧੀ, ਨਹਿਰੂ, ਜਿਨਾਹ, ਲਿਆਕਤ ਅਲੀ ਅਤੇ ਮਾ: ਤਾਰਾ ਸਿੰਘ ਇਕ ਇਕ ਕਰਕੇ ਸਾਰੇ ਮਿਲਣ ਆਉਂਦੇ ਅਤੇ ਲੱਛੇਦਾਰ ਦਲੀਲਾਂ ਦੀ ਝੜੀ ਲਾ ਜਾਂਦੇ।

ਸੰਜੋਗ ਦੀ ਗੱਲ ਕਿ ਦੋਹਾਂ ਧਿਰਾਂ ਦੇ ਸਾਰੇ ਆਗੂ ਵਕੀਲ ਸਨ! ਸਿਪਾਹੀ ਦੀ ਹੈਸੀਅਤ ਨਾਲ ਵੇਵਲ ਵਕੀਲਾਂ ਦਾ ਵਿਸ਼ਵਾਸ ਨਹੀਂ ਸੀ ਕਰਦਾ। ਉਹਦੀ ਵੱਡੀ ਮੁਸੀਬਤ ਗਾਂਧੀ ਸੀ। ਹਿੰਦੁਸਤਾਨ ਲਈ ਗਾਂਧੀ ਸੰਤ ਸੀ—ਪਰ ਵੇਵਲ ਲਈ ਬਹੁਤ ਹੀ ਖਿਝਾਉਣ ਵਾਲਾ ਨੁਕਤਾਚੀਨ। ਵੇਵਲ ਏਨਾਂ ਸਮਝਦਾਰ ਤਾਂ ਸੀ ਕਿ ਗਾਂਧੀ ਜੀ ਦਾ ਨਿਰਾਦਰ ਨਾ ਕਰਦਾ। ਗਾਂਧੀ ਜੀ ਦੇ ਪ੍ਰਭਾਵ ਅਤੇ ਉਹਨਾਂ ਦੀ ਤਾਕਤ ਦਾ ਵੇਵਲ ਨੂੰ ਪਤਾ ਸੀ। ਗਾਂਧੀ ਜੀ ਨਾਲ ਇਕ ਮੁਲਾਕਾਤ ਤੋਂ ਬਾਦ ਵੇਵਲ ਨੇ ਕਿਹਾ –"ਗਾਂਧੀ ਨੇ ਅੱਧੇ ਘੰਟੇ ਤੱਕ ਗੱਲਬਾਤ ਕੀਤੀ ਪਰ ਮੈਨੂੰ ਸਮਝ ਨਹੀਂ ਪਈ ਕਿ ਉਹ ਕੀ ਕਹਿਣਾ ਚਾਹੁੰਦਾ ਸੀ। ਉਸ ਦਾ ਹਰ ਵਾਕ ਘਟ ਤੋਂ ਘਟ ਦੋ ਵੱਖਰੇ ਅਰਥ ਰਖਦਾ ਸੀ।"

ਨਹਿਰੂ ਜੀ ਦਾ ਆਪਾ ਭਰੋਸੇ ਨਾਲ ਬੋਲਣ ਅਤੇ ਲਿਖਣ ਦਾ ਆਪਣਾ ਤਰੀਕਾ ਸੀ ਅਤੇ ਜਿਨਾਹ—ਜਦੋਂ ਕਿਸੇ ਚੀਜ਼ ਦੀ ਮੰਗ ਕਰਦਾ ਅਤੇ ਉਸ ਨੂੰ ਮਿਲ ਜਾਂਦੀ ਤਾਂ ਉਸ ਸਮੇਂ ਅਜਿਹਾ ਲੱਗਦਾ ਕਿ ਉਹ ਸੰਤੁਸ਼ਟ ਹੋ ਕੇ ਗਿਆ ਹੈ ਪਰ ਫਿਰ ਪਰਤਕੇ ਉਹ ਕੋਈ ਨਵੀਂ ਮੰਗ ਰੱਖ ਦਿੰਦਾ।

ਏਧਰ ਉਧਰ ਘੁੰਮਦੇ ਅਸੀਂ ਰਾਜ ਕੁਮਾਰੀ ਅੰਮ੍ਰਿਤ ਕੌਰ ਦੀ ਕੋਠੀ ਦੇ ਸਾਹਮਣੇ ਵਾਲੇ ਕੁਆਰਟਰਾਂ ਵਿਚ ਬੱਝੀ ਗਾਂਧੀ ਜੀ ਦੀ ਬਕਰੀ ਦੁਆਲੇ ਜੁੜੀ ਭੀੜ ਵਿਚ ਆ ਕੇ ਮਿਲੇ ਹੀ ਸਾਂ ਕਿ ਕਾਂਗਰਸ ਦੇ ਸਾਰੇ ਆਗੂ ਕੋਠੀਉਂ ਬਾਹਰ ਆਉਂਦੇ ਦਿਖਾਈ ਦੇਣ ਲੱਗੇ। ਉਹਨਾਂ ਵਿਚ ਪੰਡਤ ਨਹਿਰੂ ਵੀ ਸਨ। ਮੈਂ ਤੇ ਗਿਆਨੀ ਅਜਮੇਰ ਸਿੰਘ ਉਹਨਾਂ ਦੇ ਪਿੱਛੇ-ਪਿੱਛੇ ਹੋ ਪਏ। ਬਾਕੀ ਆਗੂਆਂ ਤੋਂ ਨਿਖੜਕੇ ਉਹਨਾਂ ਨੇ ਇਕਲਵਾਂਝੇ ਜਿਹਾ ਰਾਹ ਫੜ ਲਿਆ ਸੀ। ਵਾਪਸੀ ਤੇ ਉਹਨਾਂ ਨੇ ਘੋੜਾ ਵੀ ਨਹੀਂ ਸੀ ਲਿਆ।

ਰਸਤੇ ਵਿਚ ਉਹ ਬੰਗਲਾ ਵੀ ਪੈਂਦਾ ਸੀ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਠਹਿਰੇ ਹੋਏ ਸਨ। ਅਚਾਨਕ ਮੀਂਹ

ਵਰ੍ਹਨ ਲੱਗ ਪਿਆ । ਨੇੜੇ ਉਹੋ ਬੰਗਲਾ ਪੈਂਦਾ ਸੀ । ਬਰਾਂਡੇ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਨਿਜੀ ਸੇਵਕਾਂ ਨਾਲ ਵਿਰਾਜਮਾਨ ਸਨ । ਨਹਿਰੂ ਜੀ ਨੂੰ ਮੀਂਹ ਵਿਚ ਭਿਜਦਿਆਂ ਵੇਖਿਆ ਤਾਂ ਹੱਥ ਦਾ ਇਸ਼ਾਰਾ ਕੀਤਾ । ਨਹਿਰੂ ਜੀ ਦੇਖ-ਦਿਆਂ ਹੀ ਦੁੜਕੀ ਲਾ ਕੇ ਬੰਗਲੇ ਦੇ ਬਰਾਂਡੇ ਵਿਚ ਆ ਖਲੋਤੇ । ਉਹਨਾਂ ਲਈ ਅੰਦਰੋਂ ਕੁਰਸੀ ਆ ਗਈ ।

ਨਹਿਰੂ ਜੀ ਨੇ ਸਤਿਗੁਰਾਂ ਨੂੰ ਕਿਹਾ - "ਤੁਸੀਂ ਵੀ ਕੁਝ ਮੰਗ ਲਓ । ਸਾਰੀਆਂ ਧਿਰਾਂ ਕੁਝ ਨ ਕੁਝ ਮੰਗ ਰਹੀਆਂ ਹਨ ।"

ਸਤਿਗੁਰੂ ਪ੍ਰਤਾਪ ਸਿੰਘ ਜੀ ਅਚਾਨਕ ਗੰਭੀਰ ਹੋ ਗਏ । ਬੋਲੇ—'ਅਸੀਂ ਅੰਗਰੇਜ਼ ਕੋਲੋਂ ਮੰਗੀਏ ? ਮੰਗਣ ਨਾਲ ਵੀ ਕੁਝ ਮਿਲਿਐ ? ਸਾਨੂੰ ਤਾਂ ਆਜ਼ਾਦੀ ਚਾਹੀਦੀ ਹੈ । ਅਸੀਂ ਅਜ਼ਾਦੀ ਦੀ ਲੜਾਈ ਵਿਚ ਤੁਹਾਡੇ ਨਾਲ ਹਾਂ । ਅੰਗਰੇਜ਼ ਅਗੇ ਝੁਕ ਕੇ ਕੁਝ ਨਹੀਂ ਲੈਣਾ ਚਾਹੁੰਦੇ ।"

ਪੰਡਿਤ ਨਹਿਰੂ ਨਿਰੁੱਤਰ ਹੋ ਗਏ ।

ਅਗਲੇ ਦਿਨ ਲਈ ਉਸੇ ਬੰਗਲੇ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਚਾਹ ਪਾਰਟੀ ਦਾ ਸੱਦਾ ਪ੍ਰਵਾਨ ਕਰਕੇ ਨਹਿਰੂ ਜੀ ਸੀਸਲ ਹੋਟਲ ਦੇ ਰਾਹ ਪੈ ਗਏ ।

ਰਾਤ ਦੀ ਗੱਡੀ ਅਸੀਂ ਜ਼ਰੂਰ ਪਰਤ ਜਾਣਾ ਸੀ । ਜੇਬਾਂ ਖਾਲੀ ਦਿਖਾਈ ਦਿਤੀਆਂ ਤਾਂ ਨਾਮਧਾਰੀ ਠੇਕੇਦਾਰ ਦੀ ਯਾਦ ਆਈ । ਜਦੋਂ ਮੈਂ ਠੇਕੇਦਾਰ ਕੋਲੋਂ ਕਿਰਾਇਆ ਲੈ ਕੇ ਸਟੇਸ਼ਨ ਪੁੱਜਾ ਤਾਂ ਗਿਆਨੀ ਅਜਮੇਰ ਸਿੰਘ ਮੈਨੂੰ ਉਡੀਕਦੇ ਉਬਾਸੀਆਂ ਲੈ ਰਹੇ ਸਨ ਕਿਉਂਕਿ ਪਿਛਲੀ ਰਾਤ ਠੇਕੇਦਾਰ ਦੇ ਬੰਗਲੇ ਦੀ ਖਿੜਕੀ ਖੁਲ੍ਹੀ ਰਹਿਣ ਕਰ ਕੇ ਕੋਈ ਛੋਟੀ ਜਿਹੀ ਬਦਲੀ ਸਾਨੂੰ ਭਿਉਂ ਗਈ ਸੀ ਅਤੇ ਉਹਨੀ ਸਿਲ੍ਹ ਅਜੇ ਤੱਕ ਨਹੀਂ ਸੀ ਗਈ । ਪਰ ਇਕ ਦਿਨ ਦੀ ਸ਼ਿਮਲੇ ਦੀ ਯਾਤਰਾ ਵਿਚ ਇਨਾ ਕੁਝ ਵੇਖਿਆ ਅਤੇ ਘੋਖਿਆ ਸੀ ਕਿ ਸਿਲ੍ਹ ਨੂੰ ਮਹਿਸੂਸ ਨਾ ਕਰਦਿਆਂ ਪੂਰੀ ਸ਼ਾਨ ਨਾਲ ਅਸੀਂ ਵਾਪਸੀ ਸਫਰ ਲਈ ਚਲ ਪਏ ਅਤੇ ਹੌਲੀ ਹੌਲੀ ਸ਼ਿਮਲੇ ਦੀਆਂ ਪਹਾੜੀਆਂ ਪਿਛੇ ਛੁਟਦੀਆਂ ਗਈਆਂ ਜਿਥੇ ਹਿੰਦੁਸਤਾਨ ਦੀ ਅਜ਼ਾਦੀ ਦਾ ਫੈਸਲਾ ਹੋ ਰਿਹਾ ਸੀ । ●

ਕਹਾਣੀ

ਆਂਟੀ

— ਹਿਰਦੇਜੀਤ ਭੋਗਲ

"ਬੇਟੇ ਦੇਖੋ ਕੌਣ ਆਏ ਨੇ" ਢੋਏ ਹੋਏ ਬੂਹੇ ਦੀ ਵਿਰਲ ਪਿਛੇ ਲੁਕ ਕੇ ਦੇਖ ਰਹੇ ਬਬਲੂ ਨੂੰ ਉਸਦੇ ਡੈਡੀ ਨੇ ਇਸ਼ਾਰਾ ਕਰਕੇ ਬੁਲਾਇਆ । ਡੈਡੀ ਲਈ ਬਬਲੂ ਅਜੇ ਬਹੁਤ ਬੱਚਾ ਸੀ । ਅਠਾਂ ਸਾਲਾਂ ਦੇ ਬਾਲ ਨੂੰ ਕੀ ਪਤਾ ਔਰਤ ਮਰਦ ਦੇ ਜੁੜਕੇ ਬੈਠਣ ਤੇ ਕੰਨਾਂ ਵਿਚ ਘੁਸਰ ਘੁਸਰ ਕਰਨ ਦਾ ਕੀ ਮਤਲਬ ਹੁੰਦਾ ਹੈ। ਅਕਸਰ ਡੈਡੀ ਡੈਡੀ ਹੀ ਹੁੰਦਾ ਹੈ । ਬੂਹੇ ਦੀ ਚਿਟਕਣੀ ਕਾਰਨ ਬਬਲੂ ਦਾ ਸਾਰਾ ਸਵਾਦ ਕਿਰਕਿਰਾ ਹੋ ਗਿਆ ਸੀ । ਚੋਰੀ ਫੜੀ ਜਾਣ ਕਰਕੇ ਉਹ ਸ਼ਰਮਸਾਰ ਹੋਇਆ ਪੈਰਾਂ ਨੂੰ ਕਿਸੇ ਪਾਸੇ ਵੀ ਨਾ ਹਿਲਾ ਸਕਿਆ । ਡੈਡੀ ਦੇ ਦੁਬਾਰਾ ਫਿਰ ਬੁਲਾਣ ਉਤੇ ਕਾਫੀ ਹਿਚਕਚਾਹਟ ਦੇ ਬਾਅਦ ਉਹ ਕੰਧ ਨਾਲ ਘਿਸਰਦਾ ਡੈਡੀ ਦੇ ਗੋਡੇ ਨਾਲ ਆਣ ਲੱਗਿਆ । ਕਾਫੀ ਯਤਨ ਦੇ ਬਾਦ ਵੀ ਉਹ ਆਉਣ ਵਾਲੇ ਮਹਿਮਾਨ ਨੂੰ ਪਹਿਚਾਨ ਨਾ ਸਕਿਆ । ਆਪਣੀ ਨਿਕੀ ਉਮਰ ਦੇ ਬੀਤੇ ਸਾਲਾਂ ਵਿਚ ਸ਼ਾਇਦ ਉਹ ਮਹਿਮਾਨ ਨੂੰ ਪਹਿਲੀ ਵਾਰ ਦੇਖ ਰਿਹਾ ਸੀ। ਡੈਡੀ ਨਾਲ ਜੁੜਕੇ ਬੈਠੇ ਮਹਿਮਾਨ ਨੂੰ ਉਹ ਡੈਡੀ ਦੀ ਕੱਛ ਵਿਚੋਂ ਬੜੀ ਨੀਝ ਲਾਕੇ ਦੇਖਦਾ ਜਾ ਰਿਹਾ ਸੀ ।

"ਬੇਟਾ, ਇਹ ਤਾਂ ਤੇਰੇ ਆਂਟੀ ਨੇ, ਤੈਨੂੰ ਹੀ ਦੇਖਣ ਆਏ ਨੇ" ਇਸ ਸਵਾਲ ਨੇ ਮਹਿਮਾਨ ਵਲ ਟਿਕੀ ਹੋਈ ਉਸਦੀ ਤਕਣੀ ਨੂੰ ਹਿਲਾ ਦਿਤਾ । ਉਹਦੇ ਵਾਂਗ ਹੀ ਡੈਡੀ ਦੇ ਪਰਲੇ ਮੋਢੇ ਨਾਲ ਚੰਬੜੀ ਹੋਈ ਆਂਟੀ ਹੁਣ ਮੱਧਮ ਜਿਹੀ ਮੁਸਕਰਾਹਟ ਨਾਲ ਬਬਲੂ ਵਲ ਦੇਖ ਰਹੀ ਸੀ। ਸ਼ਾਇਦ ਉਸਨੂੰ ਯਕੀਨ ਹੋ ਗਿਆ ਸੀ ਕਿ ਬਬਲੂ ਨਾਦਾਨ ਬਾਲ ਹੈ । ਆਂਟੀ ਨੇ ਹਥ ਵਧਾਕੇ ਉਸਨੂੰ ਆਪਣੀ ਗੋਦ ਬਿਠਾ ਲਿਆ ।

"ਕਿਆ ਨਾਮ ਹੈ ਤੁਮਾਰਾ ਬੇਟੇ ?" ਆਂਟੀ ਦਾ ਇਹ ਸਵਾਲ ਉਸਨੂੰ ਹੋਰ ਪਰੇਸ਼ਾਨ ਕਰ ਗਿਆ। ਉਹ ਸੋਚ ਰਿਹਾ ਸੀ ਇਹ ਆਂਟੀ ਚੰਗੀ ਹੈ ਜਿਹੜੀ ਮੈਨੂੰ ਹੀ ਮਿਲਣ ਆਈ ਹੈ ਪਰ ਨਾਮ ਮੇਰਾ ਜਾਣਦੀ ਹੀ ਨਹੀਂ। ਉਸਨੇ ਪੋਲਾ ਜਿਹਾ ਮੂੰਹ ਖੋਲ੍ਹ ਹੀ ਦਿਤਾ ਦਿਤਾ—"ਬਬਲੂ"

"ਅੱਛਾ, ਤੁਮਾਰੇ ਮਮੀ ਕਹਾਂ ਹੈ ?" ਆਂਟੀ ਨੇ ਬਬਲੂ ਨੂੰ ਪਟਾਂ ਤੇ ਠੀਕ ਤਰ੍ਹਾਂ ਟਿਕਾਂਦਿਆਂ ਪੁਛਿਆ।

ਸੋਨੂੰ ਬਬਲੀ ਦੇ ਘਾ...ਰ...ਰ" ਬਬਲੂ ਨੇ ਥਿੜਕਦੀ ਆਵਾਜ਼ ਵਿਚ ਕਿਹਾ। ਆਂਟੀ ਸੀ ਕਿ ਬਸ ਹੀ ਨਹੀਂ ਸੀ ਕਰਦੀ ਸਵਾਲਾਂ ਤੋਂ "ਸੋਨੂੰ ਬਬਲੀ ਕੌਣ" ?

ਬਬਲੂ ਨੂੰ ਆਂਟੀ ਦੇ ਇਸ ਸਵਾਲ ਦਾ ਜਵਾਬ ਜਲਦੀ ਨਾ ਅਹੁੜਿਆ। ਖਹਿੜਾ ਛੁਡਾਣ ਲਈ ਹਥ ਦੇ ਇਸ਼ਾਰੇ ਨਾਲ ਹੀ ਖਿੜਕੀ ਵਿਚੋਂ ਦਿਸਦੀ ਗਲੀ ਵਲ ਉਂਗਲ ਕਰਕੇ ਕਹਿ ਦਿਤਾ—

ਉ...ਹ...ਥੇ ਮਕਾਨ ਵਿਚ।"

"ਜਾਉ ਬਬਲੂ, ਮਮੀ ਨੂੰ ਬੁਲਾ ਕੇ ਲਿਆਉ।"

ਡੈਡੀ ਦਾ ਇਹ ਕੰਮ ਬਬਲੂ ਨੂੰ ਬੜਾ ਬੇ-ਮੌਕਾ ਲੱਗਾ। ਡੈਡੀ ਅਤੇ ਆਂਟੀ ਦੀ ਹਾਜ਼ਰੀ ਵਿਚ ਬੈਠਣ ਦਾ ਸ਼ਾਇਦ ਉਸ ਨੂੰ ਜ਼ਿਆਦਾ ਮਜ਼ਾ ਆ ਰਿਹਾ ਸੀ। ਉਹ ਕਦੇ ਆਂਟੀ ਵਲ ਤੇ ਕਦੇ ਡੈਡੀ ਵਲ ਪਿਛਾ ਮੁੜਕੇ ਦੇਖਦਾ ਦੇਖਦਾ ਬੇਦਿਲੀ ਜਿਹੀ ਨਾਲ ਗਲੀ ਵਲ ਨਿਕਲ ਗਿਆ।

"ਮਮੀ ਘਰ ਚਲੋ, ਆਂਟੀ ਆਏ ਨੇ, ਡੈਡੀ ਬੁਲਾਂਦੇ ਨੇ ?" ਬਬਲੂ ਨੇ ਕਾਹਲੀ ਨਾਲ ਪੈਗਾਮ ਜਾ ਦਿਤਾ।

"ਕਿਹੜੇ ਆਂਟੀ ਬੇਟਾ" ? ਮਮੀ ਨੇ ਗੱਲਾਂ ਬੰਦ ਕਰਦਿਆਂ ਪੁਛਿਆ।

"ਪਤਾ ਨਹੀਂ।" ਬਬਲੂ ਨੇ ਇਕ ਟੁਕ ਜਵਾਬ ਦਿਤਾ। ਸ਼ਾਇਦ ਉਹ ਸਮਾਂ ਨਹੀਂ ਸੀ ਗੁਆਣਾ ਚਾਹੁੰਦਾ ਪਰ ਮਮੀ ਨੇ ਅਗਲਾ ਸਵਾਲ ਕੀਤਾ।

"ਲੁਧਿਆਣੇ ਵਾਲੇ" ?

"ਨਹੀਂ।"

"ਅੰਮ੍ਰਿਤਸਰ ਵਾਲੇ ?"

"ਨਹੀਂ।"

"ਦਿਲੀ ਵਾਲੇ ?'

"ਨਹੀਂ"

"ਪਰਸੋਂ ਵਾਲੇ ?"

"ਕਿਤੇ ਜਲੰਧਰ ਵਾਲੇ ਭੂਆ ਜੀ ਤੇ ਨਹੀਂ ਆਏ ?"

"ਮੈਨੂੰ ਨਹੀਂ ਪਤਾ, ਮੈਂ ਤੇ ਪਹਿਲਾਂ ਦੇਖੇ ਨਹੀਂ।" ਬਬਲੂ ਨੇ ਸਾਰੀਆਂ ਆਂਟੀਆਂ ਦੀ ਲਿਸਟ ਨੂੰ ਨਜ਼ਰਾਂ ਅਤੇ ਘੁਮਾ ਕੇ ਇਕ ਰੁਖਾ ਜਵਾਬ ਮਮੀ ਨੂੰ ਦਿਤਾ। ਇਸ ਨਨੇ ਦੇ ਨਾਲ ਮਮੀ ਦੇ ਸਵਾਲ ਵੀ ਬੰਦ ਹੋ ਗਏ।

ਪਰ ਮਮੀ ਦੇ ਆਖਰੀ ਸਵਾਲ ਨੇ ਬਬਲੂ ਦੇ ਦਿਮਾਗ ਵਿਚ ਕਈ ਉਲਝਣਾਂ ਖੜੀਆਂ ਕਰ ਦਿਤੀਆਂ। ਆਪਣੀ ਇਕੋ ਇਕ ਜਲੰਧਰ ਵਾਲੀ ਭੂਆ ਨੂੰ ਯਾਦ ਕਰਦਿਆਂ ਬਬਲੂ ਮਮੀ ਨੂੰ ਪੁਛੇ ਬਗੈਰ ਨਾ ਰਹਿ ਸਕਿਆ—

"ਮਮੀ ਜਲੰਧਰ ਵਾਲੇ ਭੂਆ ਜੀ ਡੈਡੀ ਦੇ ਕੀ ਲੱਗਦੇ ਨੇ ?"

ਪਹਿਲਾਂ ਤਾਂ ਮੰਮੀ ਹੈਰਾਨ ਹੋਈ ਪਰ ਫਿਰ ਕਾਫੀ ਵਿਸਥਾਰ ਨਾਲ ਬੇਟੇ ਦੀ ਤਸੱਲੀ ਕਰਾਣ ਦਾ ਯਤਨ ਕੀਤਾ।

"ਜਿਦਾਂ ਮੁਨੌਂ ਦਾ ਤੂੰ ਵੀਰ ਹੈਂ ਨਾ ਇਸ ਤਰ੍ਹਾਂ ਤੇਰੀ ਭੂਆ ਦੇ ਤੇਰੇ ਡੈਡੀ ਵੀ ਵੀਰ ਲੱਗਦੇ ਨੇ।"

"ਤੇ ਆਂਟੀ ਕੌਣ ਹੁੰਦੇ ਨੇ ?"

"ਆਂਟੀ ਵੀ ਭੂਆ ਜੀ ਹੁੰਦੇ ਨੇ।" ਮਮੀ ਨੇ "ਆਂਟੀ" ਸ਼ਬਦ ਦਾ ਜਲਦੀ ਨਾਲ ਪੰਜਾਬੀ ਅਨੁਵਾਦ ਕਰਦਿਆਂ ਦਸਿਆ।

ਪਰ ਬਬਲੂ ਦੀ ਤਸੱਲੀ ਨਾ ਹੋਈ।

"ਐਵੇਂ ਭੂਆ ਜੀ ਹੁੰਦੇ ਨੇ। ਉਹ ਇਕੱਲੇ ਥੋੜੀ ਆਉਂਦੇ ਨੇ ਉਹ ਤੇ ਮੈਨੂੰ ਪਿਆਰ ਕਰਦੇ ਨੇ, ਮੇਰੇ ਤੋਂ ਡਰਦੇ ਥੋੜੀ ਨੇ। ਭੂਆ ਜੀ ਮੋਟੇ ਹੁੰਦੇ ਨੇ। ਆਂਟੀ ਜੀ ਸੋਹਣੇ ਹੁੰਦੇ ਨੇ।" ਸਵਾਲਾਂ ਦੀ ਕਤਾਰ ਲਗਾਂਦਿਆਂ ਬਬਲੂ ਨੂੰ ਡੈਡੀ ਨਾਲ ਸਿਮਟੀ ਬੈਠੀ ਸੋਹਣੀ "ਆਂਟੀ" ਦਾ ਖਿਆਲ ਆ ਗਿਆ।

ਮਮੀ ਪਾਸ ਸ਼ਾਇਦ ਕਿਸੇ ਸਵਾਲ ਦਾ ਜਵਾਬ ਨਹੀਂ ਸੀ। ਬੂਹੇ ਵੜਨ ਤੋਂ ਪਹਿਲਾਂ ਬਬਲੂ ਨੂੰ ਚੁਪ ਕਰਾਣ ਲਈ ਮਮੀ ਨੇ ਝਟ ਕਹਿ ਦਿਤਾ—

"ਬੇਟਾ ਆਂਟੀ ਆਂਟੀ ਹੀ ਹੁੰਦੇ ਨੇ।"

ਘੁਣਤਰਾਂ

ਬਾਬੇ ਨੇ ਵਿਆਹ ਦੇਖੇ

—ਦਲਬੀਰ

ਬਾਬਾ ਗੱਜਣ ਸਿਘ ਨੇ ਆਪ ਭਾਵੇਂ ਵਿਆਹ ਨਹੀਂ ਸੀ ਕਰਵਾਇਆ, ਪਰ ਉਸ ਨੂੰ ਇਸ ਗੱਲ ਦਾ ਮਾਣ ਸੀ ਕਿ ਉਸ ਨੇ ਸੈਂਕੜੇ ਲਾੜਿਆਂ ਨੂੰ ਘੋੜੀ ਚੜ੍ਹਦਿਆਂ ਦੇਖਿਆ ਹੈ ਅਤੇ ਕਈਆਂ ਦੇ ਕਾਜ ਤਾਂ ਉਸ ਨੇ ਆਪ ਹੀ ਸਵਾਰ ਕੇ ਉਹਨਾਂ ਦੇ ਘਰ ਵਸਦੇ ਰਸਦੇ ਕੀਤੇ ਹਨ। ਕੁਝ ਤਾਂ ਉਂਜ ਹੀ ਬਹੁਤਾ ਹਸਮੁਖ ਹੋਣ ਕਰਕੇ ਤੇ ਕੁਝ ਲੋਕਾਂ ਦੇ ਅੜੇ ਥੁੜੇ ਵੇਲੇ ਕੰਮ ਆਉਣ ਕਰਕੇ ਉਸ ਨੂੰ ਹਰ ਤੀਜੇ ਚੌਥੇ ਦਿਨ ਕਿਸੇ ਨਾ ਕਿਸੇ ਵਿਆਹ ਦਾ ਸੱਦਾ ਆਇਆ ਰਹਿੰਦਾ ਸੀ। ਤੇ ਸਾਡਾ ਗੱਜਣ ਸਿਹੁੰ ਹਰ ਸੱਦੇ ਨੂੰ ਸਿਰ ਮੱਥੇ ਤੇ ਪਰਵਾਨ ਕਰਦਾ ਹੁੰਦਾ ਸੀ। ਵਿਆਹ ਸੁਦ ਵਾਲੇ ਘਰ ਜਾ ਕੇ ਉਸ ਨੇ ਵਿਆਹ ਦਾ ਸਾਰਾ ਕਾਰੋਬਾਰ ਆਪ ਸੰਭਾਲ ਲੈਣਾ ਅਤੇ ਘਰ ਵਾਲਿਆਂ ਨੂੰ ਪਤਾ ਵੀ ਨਾ ਲੱਗਣਾ ਕਿ ਕਿਹੜੇ ਵੇਲੇ ਸਾਰਾ ਕੰਮ ਭੁਗਤ ਗਿਆ ਹੈ।

ਪਰ ਪਿਛਲੇ ਦਿਨਾਂ ਤੋਂ ਉਹ ਅਜਿਹੇ ਵਿਆਹ-ਸੱਦਿਆਂ ਨੂੰ ਠੁਕਰਾਉਣ ਲਗ ਪਿਆ ਹੈ। ਹੁਣ ਸ਼ਾਇਦ ਹੀ ਕਿਸੇ ਵਿਆਹ ਤੇ ਬਾਬਾ ਗੱਜਣ ਸਿੰਘ ਜਾਂਦਾ ਹੋਵੇ। ਇਸ ਦਾ ਕਾਰਨ ਕੀ ਸੀ,ਇਹ ਸਮਝ ਨਾ ਆਵੇ। ਪਿੰਡ ਵਿਚ ਚਰਚਾ ਛਿੜ ਪਈ। ਸੱਥ ਵਿਚ ਲੋਕ ਬੈਠੇ ਗੱਲਾਂ ਕਰਨ ਲਗੇ। ਪਰ ਕਿਸੇ ਤੋਂ ਵੀ ਗੱਲ ਦੀ ਸਾਰ ਨਾ ਲਈ ਗਈ। ਆਖਰ ਉਨ੍ਹਾਂ ਬਾਬਾ ਗੱਜਣ ਸਿੰਘ ਨੂੰ ਹੀ ਪੁਛ ਲਿਆ।

"ਬਾਬਾ ਜੀ ਤੁਸੀਂ ਅਜ ਕਲ ਵਿਆਹ ਸ਼ਾਦੀਆਂ ਤੇ ਕਿਉਂ ਨਹੀਂ ਜਾਂਦੇ ?।"

"ਕੀ ਦੱਸਾਂ ਪੁਤਰੋ" ਬਾਬੇ ਉਤਰ ਦਿਤਾ। 'ਉਮਰ ਹੋ ਗਈ ਹੁਣ ਵੱਡੀ, ਦਮ ਨਹੀਂ ਰਹਿ ਗਿਆ। ਥੱਕ ਟੁੱਟ ਜਾਈਦੇ। ਤੇ ਫੇਰ ਵਿਆਹਾਂ ਵਾਲੇ ਘਰੀਂ ਜਾ ਕੇ ਕਿਹੜਾ ਦਮ ਮਿਲਦਾ ?"

"ਪਰ ਅਗੇ ਤਾਂ ਤੁਸੀਂ... ..?"

"ਅਗੇ ਦੀਆਂ ਗੱਲਾਂ ਕਿਥੇ ਰਹੀਆਂ। ਹੁਣ ਤਾਂ ਬਸ ਚਲੋ ਚਲ ਹੈ। ਅਗੇ ਤਾਂ ਕਈ ਦਿਲਚਸਪ ਗੱਲਾਂ ਵੀ ਹੁੰਦੀਆਂ ਰਹੀਆਂ ਕਿ ਮੇਰੇ ਨਾਲ।"

"ਕਿਹੜੀਆਂ ਗੱਲਾਂ, ਸਾਨੂੰ ਵੀ ਤਾਂ ਸੁਣਾਉ।" ਮੁੰਡਿਆਂ ਖੁੰਡਿਆਂ ਨੇ ਗੱਲ ਚੁਕ ਲਈ। ਗੱਲਾਂ ਸੁਨਾਉਣ ਦਾ ਤਾਂ ਬਾਬਾ ਗੱਜਣ ਸਿੰਘ ਬਾਦਸ਼ਾਹ ਸੀ। ਉਸ ਨੂੰ ਤਾਂ ਰੱਬ ਇਹੋ ਜਿਹਾ ਮੌਕਾ ਦੇਵੇ। ਉਸ ਨੇ ਇਕ ਮਿੰਟ ਵੀ ਲਾਏ ਬਿਨਾਂ ਗੱਲ ਸ਼ੁਰੂ ਕਰ ਦਿਤੀ :

"ਦਸਾਂ ਕੁ ਸਾਲਾਂ ਦੀ ਗੱਲ ਆ, ਜਲੰਧਰੋਂ ਸ਼ਾਹਕੋਟ ਨੂੰ ਜਾਈਏ ਤਾਂ ਵੱਡੀ ਸੜਕ ਤੋਂ ਹੇਠਾਂ ਕੱਚੇ ਉਤਰ ਕੇ ਤਿੰਨ ਕੋਹ ਪੈਂਡੇ ਤੇ ਪਿੰਡ ਪੈਂਦਾ ਸਾਲਮਪੁਰ। ਉਥੇ ਮੇਰੇ ਚਾਚੇ ਦੀ ਧੀ ਰੁਕਮਣੀ ਦੀ ਨਨਾਣ ਦਾ ਮੁੰਡਾ ਵਿਆਇਆ ਹੋਇਆ ਬਖਸ਼ੀਸ਼ ਸਿਹੁੰ ਸਰਦਾਰਾਂ ਦੇ। ਉਹਨਾਂ ਸਰਦਾਰਾਂ ਦੀ ਧੀ ਮਿਡਲ ਪਾਸ ਸੀ। ਪਰ ਇਕ ਅੱਖੋਂ ਜਰਾ ਉਰੇ ਪਰੇ ਜਹੇ ਸੀ। ਕੁੜੀ ਉਂਜ ਚੰਗੀ ਮੁਟਿਆਰ, ਕੱਦ ਕੱਢਵੀਂ। ਪਰ ਵਾਹਿਗੁਰੂ ਦੀ ਕਰਨੀ ਜ਼ਰਾ ਲੱਤੋਂ ਵੀ ਥੋੜੀ ਜਿਹੀ ਲੰਗ ਮਾਰਦੀ ਸੀ। ਉਹਦੀ ਮੰਗਣੀ ਨਹੀਂ ਸੀ ਹੁੰਦੀ। ਜਿਹੜਾ ਰਿਸ਼ਤਾ ਆਵੇ ਕੁੜੀ ਵੇਖ ਕੇ ਟੁਰ ਜਾਵੇ। ਸਰਦਾਰ ਖਾਂਦੇ ਪੀਂਦੇ ਸੀ, ਪਰ ਜਵਾਨ ਕੁੜੀ ਨੂੰ ਘਰ ਰਖ ਕੇ ਕੀ ਕਰਦੇ, ਬੜੇ ਪਰੇਸ਼ਾਨ। ਉਧਰੋਂ ਰੁਕਮਣੀ ਦੀ ਨਨਾਣ ਦਾ ਮੁੰਡਾ ਗਰਧਾਰਾ ਵੀ ਵਿਆਹਿਆ ਨਹੀਂ ਸੀ ਜਾਂਦਾ। ਉਹਦੇ 'ਚ ਐਬ ਤਾਂ ਕੋਈ ਨਹੀਂ ਸੀ, ਇਕ ਅੱਖ ਪੱਥਰ ਦੀ ਸੀ ਜਿਹੜੀ ਨਿੱਕੇ ਹੁੰਦਿਆਂ ਗੁੱਲੀ ਡੰਡਾ ਖੇਡਦਿਆਂ ਨਿਕਲ ਗਈ ਸੀ ਤੇ ਖੱਬੇ ਹੱਥ ਦੀ ਛੋਟੀ ਉਂਗਲੀ ਪਿਛਾਂਹ ਨੂੰ ਲਗੀ ਹੋਈ ਸੀ। ਇਹ ਮੇਲ ਕਿਵੇਂ ਮਿਲਾਇਆ ਉਹਦਾ ਵੀ ਬਹੁਤ ਦਿਲਚਸਪ ਕਿੱਸਾ ਹੈ, ਪਰ ਉਹ ਫੇਰ ਕਦੇ ਸਹੀ।

"ਹਾਂ ਤੇ ਸਰਦਾਰ ਬਖਸ਼ੀਸ਼ ਸਿੰਘ ਦੀ ਧੀ ਦਾ ਵਿਆਹ ਸੀ, ਚਿੱਠੀ ਆਈ, ਪਈ ਵਿਆਹ ਤੇ ਜ਼ਰੂਰ ਪਹੁੰਚਣਾ। ਮੇਰੀ ਕਿਹੜੀ ਰੰਨ ਕੰਨ ਸੀ ਪਈ ਜਿਹੜੀ ਸਲਾਹ ਕਰਨੀ ਜਾਂ ਤਿਆਰੀ ਕਰਨੀ ਸੀ। ਇਸ ਲਈ ਇਕ ਦਿਨ ਪਹਿਲਾਂ ਜਾਣ ਦਾ ਫੈਸਲਾ ਕਰ ਲਿਆ।

"ਜਦੋਂ ਦਿਨ ਨੇੜੇ ਢੁਕਾ ਤਾਂ ਫੈਜ਼ਾਵਾਦ ਤਕ ਦੀ ਟਿਕਟ ਲੈ ਕੇ ਬਸ ਵਿਚ ਜਾ ਬੈਠਾ। ਖਿਆਲ ਸੀ ਦਿਨ ਛਿਪੇ ਤਕ ਘਰ ਪਹੁੰਚ ਜਾਵਾਂਗਾ। ਪਰ ਰੋਡਵੇਜ਼ ਦੀ ਬੱਸ, ਐਸੀ ਖਰਾਬ ਹੋਈ ਪਈ ਰਾਤ ਦੇ ਨੌਂ ਵਜ ਗਏ ਫੈਜ਼ਾਵਾਦ ਪਹੁੰਚਦਿਆਂ। ਰਾਹ ਵਿਚ ਸਾਰੀਆਂ ਸਵਾਰੀਆਂ ਬੱਸ ਨੂੰ ਧੱਕਾ ਲਾਉਂਦੀਆਂ ਵੱਖਰਾ ਥੱਕ ਗਈਆਂ। ਮੇਰਾ ਤਾਂ ਆਪਣਾ ਹਾਲ

ਭੈੜਾ। ਮੈਂ ਸੋਚਿਆ ਮਨਾ ਏਹਦੇ ਨਾਲੋਂ ਤਾਂ ਤੁਰ ਕੇ ਹੀ ਆ ਜਾਂਦਾ।

"ਖੈਰ ਅੱਡੇ ਤੇ ਉਤਰ ਕੇ ਜਾਂ ਸਾਲਮਪੁਰ ਦੇ ਰਾਹ ਪਿਆ ਤਾਂ ਦੇਖਾਂ ਕਿ ਸੁੰਨ-ਮਸਾਨ। ਨਾਂ ਇੰਦਾ ਨਾ ਪਰਿੰਦਾ। ਬੜਾ ਈ ਖੌਫਨਾਕ ਲਗੇ। ਪਿੰਡਾਂ ਦੇ ਲੋਕੀਂ ਤਾਂ ਦਿਨੇ ਹੀ ਸੌਂ ਜਾਂਦੇ ਐ। ਇਥੇ ਤਾਂ ਰਾਤ ਪੈ ਗਈ ਸੀ। ਉਤੋਂ ਪੋਹ ਦੀ ਰਾਤ; ਨਾ ਮੇਰੇ ਕੋਲ ਕੋਈ ਕਪੜਾ ਨਾ ਠਾਹਰ। ਪਰ ਸੋਚਿਆ ਮਨਾਂ ਆਏ ਹਾਂ ਤਾਂ ਹੋਰ ਘੜੀ ਤਾਈਂ ਵਿਆਹ ਵਾਲੇ ਪਿੰਡ ਪਹੁੰਚ ਹੀ ਜਾਵਾਂਗੇ। ਤੁਰਦਾ ਗਿਆ, ਤੁਰਦਾ ਗਿਆ। ਪਤਾ ਨਹੀਂ ਕਿੰਨਾ ਕੁ ਚਿਰ ਮੈਂ ਤੁਰਦਾ ਹੀ ਗਿਆ, ਪਰ ਕਿਸੇ ਪਿੰਡ ਦਾ ਨਾ ਨਿਸ਼ਾਨ ਹੀ ਨਾ ਲੱਭੇ। ਆਖਰ ਬੜੀ ਦੇਰ ਮਗਰੋਂ ਰੱਬ ਰੱਬ ਕਰ ਕੇ ਪਿੰਡ ਆਇਆ। ਥੱਕ ਟੁੱਟ ਏਨਾ ਗਿਆ ਸੀ ਕਿ ਪਿੰਡ ਦੇ ਬਾਹਰ ਇਕ ਖੂਹ ਤੇ ਹੀ ਪਸ਼ੂਆਂ ਵਾਲਾ ਝੁੱਲ ਲੈ ਕੇ ਪੈ ਗਿਆ। ਸਵੇਰੇ ਉਠ ਕੇ ਜਾਂ ਖੂਹ ਵਾਲੇ ਤੋਂ ਪੁਛਿਆ ਤਾਂ ਉਹ ਕਹੇ "ਬਾਬਾ ਤੇਰਾ ਸਿਰ ਫਿਰ ਗਿਆ। ਸਾਲਮਪੁਰ ਏਧਰ ਕਿਥੇ ਆ ਗਿਆ। ਉਹ ਤਾਂ ਸੜਕ ਦੇ ਪਰਲੇ ਪਾਸੇ ਤਿੰਨ ਕੋਹ ਤੇ ਪੈਂਦਾ। ਇਹ ਤਾਂ ਧੀਰੋਵਾਲ ਐ। ਇਹ ਸੜਕ ਤੋਂ ਸੱਤ ਕੋਹ ਏਧਰ ਐ।"

"ਅੱਛਾ ਤਾਂ ਤੂੰ ਦੂਜੇ ਪਾਸੇ ਨੂੰ ਚਲਾ ਗਿਆ।" ਹਾਸੇ ਦੀ ਗੂੰਜ ਵਿਚ ਇਕ ਨੇ ਪੁੱਛਿਆ।

"ਹੋਰ ਕੀ! ਇਹ ਤਾਂ ਕੁਝ ਵੀ ਨਹੀਂ। ਪਰ ਹੋਰ ਜੋ ਮੇਰੇ ਨਾਲ ਵਾਪਰੀ ਉਸ ਦਾ ਕਿੱਸਾ ਤਾਂ ਹੋਰ ਵੀ ਦਿਲ-ਚਸਪ ਬਣ ਜਾਂਦਾ ਹੈ।"

"ਬਾਬਾ, ਫੇਰ ਸੁਣਾ ਦੇ ਇਕ ਚਿੜੀਂਦਾ ਚਿਉਂਦਾ।" ਇਕ ਗਭਰੂ ਨੇ ਲੱਤਾਂ ਵਸਾਰਦਿਆਂ ਕਿਹਾ।

'ਚਿੜੀਂਦੇ ਚਿਉਂਦੇ ਕਿੱਸੇ ਕਾਕਾ ਆਪਣੇ ਪਿਉ ਤੋਂ ਸੁਣੀਂ। ਮੇਰੀ ਤਾ ਆਹ ਵਿਆਹ ਜਾਣ ਵਾਲੀ ਗੱਲ ਹੀ ਸੁਣ ਲੈ।"

"ਚੰਗਾ ਫੇਰ ਇਹੀ ਸਹੀ।"

"ਗੱਲ ਰੌਲਿਆਂ ਤੋਂ ਦੋ ਤਿੰਨ ਵਰ੍ਹੇ ਪਹਿਲਾਂ ਦੀ ਐ। ਮੇਰੇ ਇਕ ਮਿਤਰ ਦੇ ਭਰਾ ਦਾ ਵਿਆਹ ਸੀ। ਪਰ ਪੈਂਦਾ ਉਹ ਲਾਇਲਪੁਰ ਤੋਂ ਪੰਦਰਾਂ ਕੁ ਮੀਲ ਚੜ੍ਹਦੇ ਵਲ ਨੂੰ ਸੀ ਤੇ ਮੇਰਾ ਪਿੰਡ ਲਾਹੌਰ ਲਾਗੇ ਸੀ। ਉਦੋਂ ਸਰੀਰ ਜੁਆਨ ਸੀ, ਪਰਵਾਹ ਨਹੀਂ ਸੀ ਕਰੀਦੀ। ਦਿਹਾੜੀ ਦਾ ਤੀਹ ਤੀਹ ਕੋਹ ਤੁਰ ਕੇ ਚਲੇ ਜਾਂਣਾ। ਬੱਸ ਟਾਵੀਂ ਟਾਵੀਂ ਹੀ ਹੁੰਦੀ ਸੀ।" ਬਾਬੇ ਨੇ ਰਤਾ ਕੁ ਰੁਕ ਕੇ ਸਰੋਤਿਆਂ ਵਲ ਦੇਖਿਆ। ਸਾਰੇ ਧਿਆਨ ਲਾਈ ਸੁਣ ਰਹੇ ਸਨ।

'ਤੰਬੇ ਨੂੰ ਮੈਂ ਲਲਾਰੀ ਦੇ ਕੋਲ ਖੜ੍ਹ ਕੇ ਮਾਵਾ ਲੁਆਇਆ। ਪੱਗ ਦੇ ਤੁੱਰੇ ਨੂੰ ਤਾਂ ਚੰਗੀ ਤਰ੍ਹਾਂ ਡੋਬ ਹੀ ਲਿਆ। ਕੁਰਤੇ ਨੂੰ ਨੀਲ ਦੇ ਕੇ ਤਿੰਨ ਦਿਨ ਸਰਹਾਣੇ ਹੇਠਾਂ ਰਖੀ ਛੱਡਿਆ। ਤੇ ਐਂ ਤਿਆਰ ਹੋ ਕੇ ਮੈਂ ਵਿਆਹ ਲਈ ਚਲ ਪਿਆ। ਬੇਰਮਵਾਲ ਤੋਂ ਜਾਂ ਮੈਂ ਨਹਿਰੇ ਪੈ ਕੇ ਆਪਣੇ ਯਾਰ ਦੇ ਪਿੰਡ ਵਲ ਤੁਰਿਆ ਤਾਂ ਹਨੇਰਾ ਉਤਰਨ ਲਗ ਪਿਆ ਸੀ। ਟਾਵਾਂ ਟਾਵਾਂ ਤਾਰਾ ਵੀ ਦਿਖਾਈ ਦੇਣ ਲਗ ਪਿਆ। ਓਪਰਾ ਇਲਾਕਾ, ਉਤੋਂ ਰਾਤ ਦਾ ਵੇਲਾ। ਜੇ ਚੋਰ ਡਾਕੂ ਲੁਟੇਰਾ ਰਾਹ ਵਿਚ ਹੁੰਦਾ। ਪਰ ਸੋਚਿਆ ਮਨਾਂ ਜੁੱਸਾ ਕਾਹਦੇ ਲਈ ਪਾਲਿਆ। ਤਿੰਨਾਂ ਚਹੁੰ ਨੂੰ ਤਾਂ ਲਾਗੇ ਨਹੀਂ ਲਗਣ ਦਿੰਦਾ। ਜੇ ਵੱਧ ਆਗੇ ਤਾਂ ਖੈਰ ਸੱਲਾ।

"ਤੁਰਦਾ ਗਿਆ ਤੁਰਦਾ ਗਿਆ ਤੇ ਜਦੋਂ ਖਿੱਤੀਆਂ ਸਿਰ ਤੇ ਆ ਗਈਆਂ ਤਾਂ ਮਸਾਂ ਜਾ ਕੇ ਪਿੰਡ ਆਇਆ। ਥੱਕ ਟੁੱਟ ਕੇ ਚੂਰ ਸੀ। ਜਾ ਮੈਂ ਪਿੰਡ ਦੀਆਂ ਨਿਆਈਆਂ ਵੜਿਆ ਤਾਂ ਕਿਸੇ ਅਚਾਨਕ ਪਿਛਿਉਂ ਆ ਕੇ ਮੇਰਾ ਤੰਬਾ ਖਿੱਚ ਲਿਆ। ਇਕ ਵਾਰ ਤਾਂ ਤਰਾਹ ਨਿਕਲ ਗਿਆ। ਸੋਚਿਆ ਕੋਈ ਕੁੱਤਾ ਨਾ ਹੋਵੇ। ਚੁੱਪ ਚਾਪ ਪਏ ਕੁੱਤੇ ਮਾੜੇ ਹੁੰਦੇ ਐ। ਪਰ ਜਾਂ ਪਿਛੇ ਦੇਖਿਆ ਤਾਂ ਕੁਰਤਾ ਖੂੰਘੇ 'ਚ ਫਸਿਆ ਵਿਐ। ਸਾਹ 'ਚ ਸਾਹ ਆਇਆ।

"ਪਰ ਜਾਂ ਅਗੇ ਗਿਆ ਤਾਂ ਕੁੱਤਿਆਂ ਦੀ ਪੂਰੀ ਫੌਜ ਮੇਰੇ ਉਦਾਲੇ ਹੋ ਗਈ। ਮੈਂ ਬਥੇਰਾ ਰੌਲਾ ਪਾਇਆ ਪਈ ਮੈਂ ਤੁਹਾਡੇ ਪਿੰਡ ਪਰਾਹੁਣਾ ਆਂ, ਤੁਸੀਂ ਮੇਰੇ ਵਿਰੁਧ ਨਾ ਭੌਂਕੋ। ਪਰ ਕੁੱਤੇ ਨਾ ਮੰਨੇ। ਉਹਨਾਂ ਜਾਂ ਮੈਨੂੰ ਫੜ ਕੇ ਮਧੋਲਣਾ ਸ਼ੁਰੂ ਕੀਤਾ ਤਾਂ ਮੈਂ ਜਿਧਰ ਮੂੰਹ ਆਇਆ ਭੱਜ ਤੁਰਿਆ। ਭੱਜੇ ਜਾਂਦੇ ਪਤਾ ਨਹੀਂ ਜੁੱਤੀ ਕਿਥੇ ਲਹਿ ਗਈ ਤੇ ਤੰਬਾ ਕਿਥੇ ਖਿਚਿਆ ਗਿਆ। ਬੱਸ ਏਨਾ ਹੀ ਪਤਾ ਲਗਾ ਕਿ ਕੁੱਤਿਆਂ ਦੀ ਫੌਜ ਨੇ ਐਂ ਮੇਰੇ ਤੇ ਹਮਲਾ ਕੀਤਾ ਜਿੱਦਾਂ ਬਰ੍ਹਮਾ ਦੀ ਲੜਾਈ ਵਿਚ ਜਪਾਨੀ ਕਰਦੇ ਹੁੰਦੇ ਸੀ। ਮੈਂ ਜੋ ਭੱਜਾ ਜਾਂਦਾ ਸੀ, ਇਹ ਨਾ ਦੇਖਿਆ ਪਈ ਅਗੇ ਕੀ ਐ। ਬੱਸ ਐਨਾ ਹੀ ਚੇਤਾ ਪਈ ਚਿੱਕੜ ਵਿਚ ਲੱਕ ਲੱਕ ਖੁੱਭਾ ਮੇਰੇ ਯਾਰ ਨੇ ਆ ਕੇ ਕੱਢਿਆ। ਜੇ ਦਿਨ ਹੋਰ ਦੋ ਘੰਟੇ ਨਾ ਚੜ੍ਹਦਾ ਤਾਂ ਗਲ ਗਲ ਤਾਂ ਮੈਂ ਚਲੇ ਹੀ ਜਾਣਾ ਸੀ।"

ਲੋਕ ਬਾਬਾ ਗੱਜਣ ਸਿੰਘ ਦੀ ਗੱਲ ਸੁਣ ਕੇ ਹੱਸ ਹੱਸ ਦੂਹਰੇ ਹੋ ਗਏ। ਇਕ ਨੇ ਤਾਂ ਮਸਾਂ ਹੱਥੂ ਰੋਕਿਆ।

ਗੁਰਦੁਆਰੇ ਦੇ ਭਾਈ ਨੇ 'ਵਾਹਿਗੁਰੂ, ਵਾਹਿਗੁਰੂ' ਕਰਦੇ ਨੇ ਬਾਬਾ ਗੱਜਣ ਸਿੰਘ ਨੂੰ ਕਿਹਾ: "ਗੁਰਮੁਖਾ ਤੇਰੀ ਜ਼ਬਾਨ ਤੇ ਤਾਂ ਸੁਰਸਤੀ ਖੇਡਦੀ ਸੀ। ਇਕ ਕਥਾ ਹੋਰ

ਸੁਣਾਂ ਦੇ ।"

"ਭਾਈ ਜੀ, ਕਥਾ ਕੁਥਾ ਤਾਂ ਤੁਸੀਂ ਜਾਣੋਂ । ਮੈਂ ਕਥਾ ਨਹੀਂ ਜਾਣਦਾ । ਮੈਂ ਤਾਂ ਕਿੱਸਾ ਹੀ ਸੁਣਾਊਂ ।

"ਚੰਗਾ ਜੀ ਫੇਰ ਕਿੱਸਾ ਹੀ ਸੁਣਾਓ ।"

"ਚੰਗਾ ਬਈ ਅਹਿ ਆਖਰੀ ਐ । ਹੋਰ ਮੈਂ ਨੀ ਸੁਨਾਊਣਾ ਇਹਤੋਂ ਮਗਰੋਂ ।" ਬਾਬਾ ਗੱਜਣ ਸਿੰਘ ਨੇ ਸ਼ਰਤ ਪੇਸ਼ ਕੀਤੀ ।

"ਚੰਗਾ ਚੰਗਾ ।" ਸਾਰੇ ਕਾਹਲੇ ਸਨ ਕਿ ਬਾਬਾ ਸ਼ੁਰੂ ਕਰੇ ।

"ਐਹੋ ਕੋਈ ਦਸਾਂ ਕੁ ਵਰ੍ਹਿਆਂ ਦੀ ਗੱਲ ਐ । ਲੁਧਿਆਣੇ ਤੋਂ ਵੀਹ ਕੁ ਕਿਲੋਮੀਟਰ ਤੇ ਇਕ ਛੋਟਾ ਜਿਹਾ ਕਸਬਾ ਐ । ਉਥੇ ਮੇਰਾ ਇਕ ਜਾਣ ਪਹਿਚਾਣ ਵਾਲਾ ਬੰਦਾ ਐ । ਜਾਣ ਪਛਾਣ ਦੀ ਗੱਲ ਐਂ ਆ ਪਈ ਉਹਦੇ ਘਰ ਦੇ ਬਹੁਤੇ ਸਾਕ ਮੈਂ ਈ ਕਰਵਾਏ ਆ । ਉਹਦਾ ਆਪਣਾ ਘਰ ਵੀ ਮੈਂ ਈ ਵਸਾਇਆ ਸੀ ।" ਬਾਬੇ ਨੇ ਗੱਲ ਸ਼ੁਰੂ ਕੀਤੀ ।

"ਮੈਂ ਦੋ ਦਿਨ ਪਹਿਲਾਂ ਪਹੁੰਚ ਗਿਆ ਸਾਂ । ਜਾ ਕੇ ਜਿਹੜਾ ਵੀ ਕਾਰੋਬਾਰ ਮੇਰੇ ਜਿੰਮੇ ਲਗਾ ਮੈਂ ਉਹ ਕਰਦਾ ਰਿਹਾ । ਅਗਲੇ ਦਿਨ ਬਰਾਤ ਆਉਣੀ ਸੀ । ਸਰਦਾਰ ਬਲਵੰਤ ਸਿਹੁੰ, ਜੀਹਦੀ ਬੀਬੀ ਦਾ ਵਿਆਹ ਸੀ, ਮੈਨੂੰ ਕਹੇ ਪਈ ਬਾਬਾ ਜੀ, ਸਾਰਾ ਕਾਰਜ ਤੁਸੀਂ ਈ ਕਰਨਾ । ਮੈਂ ਕਿਹਾ ਜਿਵੇਂ ਉਹ ਹੁਕਮ ਕਰਨ ।

"ਬਰਾਤ ਆਉਣੀ ਸੀ ਰੇਲ ਰਾਹੀਂ । ਰੇਲਵੇ ਸਟੇਸ਼ਨ ਬਰਾਤ ਦਾ ਸਵਾਗਤ ਕਰਨ ਤੇ ਚਾਹ ਪਾਣੀ ਛਕਾਉਣ ਦਾ ਕੰਮ ਮੇਰੇ ਜ਼ਿੰਮੇ ਲਗ ਗਿਆ । ਰੇਲਵੇ ਸਟੇਸ਼ਨ ਉਤੇ ਰਿਕਸ਼ੇ ਵਿਚ ਲੱਦ ਕੇ ਪਕੌੜੇ ਤੇ ਮਠਿਆਈ ਲੈ ਗਏ । ਚਾਹ ਦਾ ਦੇਗਾ ਗੱਡੀ ਆਉਣ ਤੋਂ ਘੰਟਾ ਕੁ ਪਹਿਲਾਂ ਉਥੇ ਹੀ ਇੱਟਾਂ ਰੱਖ ਕੇ ਧਰ ਦਿਤਾ ਗਿਆ । ਸਭ ਤਿਆਰੀ ਮੁਕੰਮਲ ਹੋ ਗਈ ਤਾਂ ਗੱਡੀ ਦੇ ਆਉਣ ਵਿਚ ਹਾਲੇ ਦਸ ਕੁ ਮਿੰਟ ਰਹਿੰਦੇ ਸਨ ।" ਬਾਬਾ ਇਕ ਮਿੰਟ ਲਈ ਚੁੱਪ ਹੋ ਗਿਆ ।

"ਗੱਡੀ ਆਈ ਤਾਂ ਉਸ ਵਿਚੋਂ ਬਰਾਤ ਨਿਕਲੀ । ਅਸਾਂ ਆਓ ਭਗਤ ਕੀਤੀ ਤੇ ਚਾਹ ਪਾਣੀ ਆਦਿ ਦੀ ਸੇਵਾ ਕੀਤੀ । ਬਰਾਤ ਵਿਚ ਸੱਠ ਕੁ ਬੰਦੇ ਸਨ ਤੇ ਦਸ ਕੁ ਵਾਜੇ ਵਾਲੇ । ਲੈ ਬਈ ਘੰਟੇ ਭਰ 'ਚ ਚਾਹ ਪਾਣੀ ਭੁਗਤਾ ਕੇ ਜਾਂ ਰਿਕਸ਼ੇ ਕੀਤੇ ਤਾਂ ਮੁਹੱਲੇ ਦਾ ਨਾਂ ਸੁਣ ਕੇ ਵਿਚੋਲਾ ਮੇਰੇ ਮੂੰਹ ਵਲ ਦੇਖਣ ਲਗਾ ਜਿਵੇਂ ਮੈਂ ਦੁਨੀਆਂ ਦਾ ਅੱਠਵਾਂ ਅਜੂਬਾ ਹੋਵਾਂ । ਉਸ ਰਿਕਸ਼ਾ ਖਲਿਆਰ ਲਿਆ ਤੇ ਮੈਨੂੰ ਪੁਛਣ ਲਗਾ ਪਈ ਤੂੰ ਕਿਹੜੀ ਬਰਾਤ ਨੂੰ ਉਡੀਕਦਾਂ ? ਮੈਂ ਆਖਿਆ ਪਈ ਕਲੇਰਾਂ ਤੋਂ ਆਉਣ ਵਾਲੀ ਬਰਾਤ ਨੂੰ, ਜਿਹੜੀ ਸਰਦਾਰ ਬਲਵੰਤ ਸਿਹੁੰ ਦੇ ਜਾਣੀ ਐ ।"

"ਲੈ ਬਈ ਵਿਚੋਲਾ ਤਾਂ ਗੱਲ ਸੁਣ ਕੇ ਜਿਉਂ ਹੱਸਣ ਲਗਾ ਜਿਉਂ ਹੱਸਣ ਲਗਾ, ਬਈ ਉਹਦਾ ਸਾਹ ਈ ਨਾ ਮੁੜੇ । ਕਹਿੰਦਾ, ਇਹ ਬਰਾਤ ਤਾਂ ਸੰਧੜਾਂ ਤੋਂ ਆਈ ਐ ਤੇ ਕਰਮ ਸਿਹੁੰ ਦੇ ਘਰ ਜਾਣੀ ਐਂ ।"

"ਸਿਰ ਤੇ ਦੋਹੱਥੜ ਮਾਰ ਲਈ ਤੇ ਸਾਰੀ ਬਰਾਤ ਨੂੰ ਰਿਕਸ਼ਿਆਂ ਤੋਂ ਲਾਹ ਲਿਆ । ਤੇ ਫੇਰ ਉਡੀਕ ਕਰਨ ਲਗੇ । ਇਕ ਮਨ ਆਵੇ ਪਈ ਬਰਾਤ ਆਈ ਕਿਉਂ ਨਹੀਂ । ਕਿਤੇ ਕੋਈ ਧੋਖਾ ਈ ਨਾ ਹੋਵੇ । ਫੇਰ ਸੋਚਾਂ ਪਈ ਹੋਵੇ ਨਾ ਕਿਤੇ ਗੱਡੀ ਹੀ ਖੁੰਝ ਗਈ ਹੋਵੇ । ਸਾ ਦਿਹਾੜੀ ਦਾ ਵਿਆਹ ਸੀ ਤੇ ਅਗਲੀ ਗੱਡੀ ਦੁਪਹਿਰੇ ਗਿਆਰਾਂ ਵਜੇ ਆਉਣੀ ਸੀ

"ਗੱਡੀ ਆਈ । ਮੈਂ ਕੱਲਾ ਕੱਲਾ ਡੱਬਾ ਦੇਖਿਆ, ਪਰ ਬਰਾਤ ਦਾ ਕਿਤੇ ਨਾਮ ਨਿਸ਼ਾਨ ਤਕ ਨਹੀਂ । ਆਖਰ ਹਾਰ ਹੰਭ ਕੇ ਹੋਰਨਾਂ ਦੇ ਨਾਲ ਦੋ ਢਾਈ ਵਜੇ ਆਈ ਗੱਡੀ ਦੇਖ ਕੇ ਘਰ ਨੂੰ ਤੁਰ ਪਿਆ । ਕਿਥੇ ਤਾਂ ਬਰਾਤ ਨੇ ਤੜਕੇ ਸੱਤ ਵਜੇ ਦੀ ਗੱਡੀ ਆਉਣਾ ਸੀ ਤੇ ਕਿਥੋਂ ਢਾਈ ਵਜੇ ਵਾਲੀ ਵੀ ਖਾਲੀ । ਸੋਚਿਆ ਘਰ ਵਿਚ ਮਾਤਮ ਦੀ ਸਫ ਵਿਛ ਜਾਵੇਗੀ ਜਦੋਂ ਮੈਂ ਦਸਿਆ ਪਈ ਬਰਾਤ ਆਈ ਈ ਨਹੀਂ । ਏਦੂੰ ਵੱਡੀ ਨਮੋਸ਼ੀ ਵਾਲੀ ਗੱਲ ਹੋਰ ਕਿਹੜੀ ਹੋ ਸਕਦੀ ਐ ?"

"ਬਹੁਤ ਡਰਦਾ ਡਰਦਾ ਜਾਂ ਮੈਂ ਘਰ ਪੁੱਜਾ ਤਾਂ ਕੀ ਦੇਖਾਂ ਕਿ ਉਥੇ ਤਾਂ ਪੂਰੀ ਚਹਿਲ ਪਹਿਲ ਐ ਤੇ ਬਰਾਤ ਰੋਟੀ ਖਾ ਰਹੀ ਐ । ਬਲਵੰਤ ਸਿੰਹੁ ਕਹੇ ਬਾਬਾ ਜੀ ਕਿਥੇ ਰਹਿ ਗਏ ਸੀ । ਬਰਾਤ ਤਾਂ ਨੌਂ ਵਜੇ ਨਾਲ ਪਹੁੰਚ ਗਈ ਸੀ ।'

"ਮੈਂ ਕਹਾਂ, ਬਰਾਤ ਟੇਸ਼ਨ ਤੇ ਆਈ ਈ ਨਹੀਂ ।"

"ਖੈਰ ਗੱਲ ਆਈ ਗਈ ਹੋ ਗਈ । ਪਰ ਮੇਰੇ ਮਨ ਵਿਚ ਧੁੜਕੂ ਲਗਾ ਰਿਹਾ ਕਿ ਬਰਾਤ ਪਹੁੰਚ ਕਿੱਦਾਂ ਗਈ । ਆਖਰ ਮੈਂ ਲਾੜੇ ਦੇ ਪਿਉ ਨੂੰ ਪੁੱਛ ਹੀ ਲਿਆ । ਉਸ ਜੋ ਦਸਿਆ ਉਸ ਨਾਲ ਤਾਂ ਮੇਰੇ ਢਿੱਡੀਂ ਪੀੜਾਂ ਪੈ ਗਈਆਂ । ਉਸ ਦਸਿਆ ਪਈ ਉਹ ਕੁਦਸੀਆ ਸਟੇਸ਼ਨ ਤੇ ਉਤਰਨ ਦੀ ਥਾਂ ਕੁਦਸੇ ਪਹੁੰਚ ਗਏ । ਅਗੋਂ ਉਨ੍ਹਾਂ ਦੇ ਸਵਾਗਤ ਲਈ ਲੋਕ ਖੜੇ ਸਨ । ਜਾਂ ਚਾਹ ਪਾਣੀ ਪੀ ਹਟੇ ਤਾਂ ਪਤਾ ਲਗਾ ਕਿ ਉਹਨਾਂ ਨੂੰ ਤਾਂ ਸੰਧੜਾਂ ਤੋਂ ਆਉਣ ਵਾਲੀ ਬਰਾਤ ਦੀ ਉਡੀਕ ਸੀ, ਜਿਹੜੀ ਕਰਮ ਸਿਹੁੰ ਦੇ ਆਉਣੀ ਸੀ ।'

"ਸੋ ਬਈ ਮੁੰਡਿਓ, ਮੈਨੂੰ ਉਹ ਹਾਸਾ ਆਇਆ, ਉਹ ਹਾਸਾ ਆਇਆ, ਪਈ ਪੁੱਛੋ ਕੁਝ ਨਾ ।"

ਬਾਬਾ ਗੱਜਣ ਸਿੰਘ ਨੂੰ ਛੱਡ ਕੇ ਕਈਆਂ ਦੇ ਹੱਸਦੇ ਹੱਸਦੇ ਅੱਖਾਂ ਚੋਂ ਪਾਣੀ ਸਿੰਮ ਆਇਆ । ਤੇ ਬਾਬਾ ਉਠ ਕੇ ਤੁਰ ਗਿਆ ।

ਇਕ ਮੁਲਾਕਾਤ

ਬਹੁਪੱਖੀ ਕਲਾਕਾਰ

'ਸੁਮੇਰ' ਨਾਲ

—ਤੁਲੀ

(ਲੜੀ ਜੋੜਨ ਲਈ ਜੁਲਾਈ ਅੰਕ ਵੇਖੋ)

? ਤੁਹਾਡੀ ਪਸੰਦ ਦੇ ਲੇਖਕ ਤੇ ਕਵੀ – ਤੇ ਕਿਉਂ ਪਸਦ ਹਨ ?

—ਮੇਰੀ ਪਸੰਦ ਦੇ ਲੇਖਕ ਤੇ ਕਵੀ ਵੀ, ਪਿਛੇ ਦਸੇ "ਮੇਰੀ ਪਸੰਦ ਦੇ ਚਿਤ੍ਰਕਾਰਾਂ" ਅਨੁਸਾਰ ਹੀ ਸਮਝੋ। ਏਥੇ ਮੈਂ ਨਾਮ ਨਹੀਂ ਲੈਣਾ ਚਾਹਾਂਗਾ। ਸਿਰਫ ਏਨਾ ਦੱਸਣਾ ਹੀ ਕਾਫੀ ਹੋਵੇਗਾ ਕਿ ਮੈਨੂੰ ਉਰਦੂ ਹਿੰਦੀ ਅੰਗਰੇਜ਼ੀ ਆਦਿ ਤੇ ਖਾਸ ਤੌਰ ਤੇ ਪੰਜਾਬੀ ਦੇ ਉਹੀ ਲੇਖਕ ਜਾਂ ਕਵੀ ਪਸੰਦ ਹਨ, ਜਿਨ੍ਹਾਂ ਦੀ ਲਿਖਤ ਵਿਚੋਂ ਜ਼ਿੰਦਗੀ ਦੇ ਓਨੇ ਡੂੰਘੇ, ਵਿਸ਼ਾਲ ਤੇ ਵਿਕਾਸਸ਼ੀਲ ਅਰਥ ਲਭਦੇ ਹਨ, ਜਿੰਨੀ ਜ਼ਿੰਦਗੀ ਅਥਾਹ ਅਨੰਤ ਵਿਸ਼ਾਲ ਤੇ ਵਿਕਾਸਸ਼ੀਲ ਹੈ, ਤੇ ਜਿਨ੍ਹਾਂ ਨੇ ਇਹਨਾਂ ਅਰਥਾਂ ਤੇ ਕੀਮਤਾਂ ਦੀ ਕਮਾਈ ਕਰਨ ਲਈ ਆਪਣਾ ਸਾਰਾ ਜੀਵਨ, ਸਣੇ ਲਹੂ......ਅਰਪਨ ਕੀਤਾ ਹੈ।

? ਆਪਣੀ ਨਾਪਸੰਦੀ ਦਾ ਤਜਰਬਾ ਵੀ ਦੱਸੋ।

—ਮੈਨੂੰ ਕਿਉਂਕਿ ਉਰਦੂ, ਹਿੰਦੀ ਤੇ ਅੰਗਰੇਜ਼ੀ ਸਾਹਿਤ ਖੇਤਰਾਂ ਨਾਲ ਵੀ ਕਾਫੀ ਵਾਸਤਾ ਰਹਿੰਦਾ ਹੈ, ਸੋ ਉਹਨਾਂ ਵਿਚ "ਸਾਹਿਬੇ-ਜ਼ੌਕ (ਕਲਾ-ਰਸੀਏ, ਤੇ ਜ਼ਿੰਦਗੀ ਨੂੰ ਰੀਝ ਤੇ ਠਰੁਮੇ ਨਾਲ ਮਾਣਨ ਵਾਲੇ) ਸੱਜਣ ਕਾਫੀ ਗਿਣਤੀ ਵਿਚ ਮਿਲਦੇ ਹਨ। ਇਹਨਾਂ ਮਹਿਫਲਾਂ ਵਿਚ ਸੁਲਝੇ ਹੋਏ ਕੁਝ ਕੁ ਪੰਜਾਬੀ ਬੋਲੀ ਦੇ ਸਾਹਿਤਕਾਰ ਵੀ ਹੁੰਦੇ ਹਨ, ਮੈਂ ਅੱਠ ਅੱਠ ਘੰਟੇ ਉਹਨਾਂ ਵਿਚ ਬੈਠ ਕੇ ਮਾਨਣ ਦਾ ਅੱਤ ਉੱਚਾ ਸੁਆਦ ਲਿਆ ਹੈ। ਐਪਰ, ਬੜੇ ਹੀ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਹਨਾਂ ਦੇ ਟਾਕਰੇ ਉਤੇ ਪੰਜਾਬੀ ਖੇਤਰ ਵਿਚ "ਸਾਹਿਬੇ-ਜ਼ੌਕ" ਸੱਜਣ ਬਹੁਤ ਹੀ ਟਾਵੇਂ ਮਿਲਦੇ ਹਨ। ਏਥੇ ਬਹੁਤੇ ਸਾਹਿਤਕਾਰ ਤੇ ਗੈਰ ਸਾਹਿਤਕਾਰ ਹੌਮੈ (EGO) ਨਾਲ ਆਫਰੇ ਹੋਏ, ਸ਼ੌਕ ਤੇ ਸੁਆਦ ਤੋਂ ਉੱਕਾ ਸੱਖਣੇ, ਬੀਮਾਰ ਤੇ ਹਾਰੇ ਹੋਏ ਮਨ ਦੇ, ਜ਼ਿੰਦਗੀ ਨੂੰ ਲੋੜੀਂਦੀ ਮਿਹਨਤ ਸੰਘਰਸ਼ ਤੇ ਰੀਝਾਂ ਨਾਲ ਨਹੀਂ, ਸਗੋਂ ਉਹਨੂੰ ਮੁਸੀ-ਬਤ ਜਾਂ ਦਾਓਮਾਰੀ ਮੰਨ ਕੇ ਕਾਹਲੀ ਕਾਹਲੀ ਬਿਤਾਉਣ ਵਿਚ ਉਲਝੇ ਤੇ ਅੱਕੇ ਰਹਿੰਦੇ ਹਨ।

? 'ਸਾਹਿਬੇ-ਜ਼ੌਕ' ਤੇ ਬੇਜ਼ੌਕ ਦੀ ਗੱਲ ਦਿਲਚਸਪ ਹੈ, ਤੇ ਪੰਜਾਬੀ ਸਾਹਿਤ ਬਾਰੇ ਸਮੂਹਕ-ਉਪਰਾਮਤਾ ਦੇ ਗੁਝੇ ਕਾਰਨਾਂ ਤੋਂ ਪਰਦਾ ਵੀ ਚੁਕਦੀ ਹੈ। ਸੋ ਇਸ ਬਾਰੇ ਹੋਰ ਚਾਨਣਾ ਪਾਓ।

—ਤੁਹਾਨੂੰ ਵੀ ਇਸ ਗੱਲ ਦਾ ਤਜੁਰਬਾ ਅਵੱਸ਼ ਹੋਇਆ ਹੋਵੇਗਾ ਕਿ ਪੰਜਾਬੀ ਸਾਹਿਤ-ਖੇਤਰ ਵਿਚ "ਲਫਾਫਾ ਕਵੀਆਂ ਤੇ ਲਫ਼ਾਫਾ ਸਾਹਿਤਕਾਰਾਂ" ਦੀ ਗਿਣਤੀ ਕਿਥੋਂ ਤਕ ਵਧ ਰਹੀ ਹੈ ਇਹਨਾਂ ਵਿਚੋਂ ਸਟੇਜੀ, ਥੋੜੇ ਚੰਗਾ ਲਿਖਣ ਵਾਲਿਆਂ ਨੂੰ ਛੱਡ ਕੇ ਤੁਕਬਾਜ਼, ਪਟਾਖੇ-ਬਾਜ਼, ਸੁਗਲਬਾਜ਼ ਕਵੀ ਮਹਾਸ਼ੇ ਤਾਂ ਪਹਿਲਾਂ ਹੀ ਮਾਤ ਨਹੀਂ ਸਨ। ਇਹ ਸੱਜਣ ਵਿਹਲੇ ਬੈਠੇ ਤਿੰਨ ਤਿੰਨ ਘੰਟੇ ਵਿਅਰਥ ਗੱਪਾਂ ਤੇ ਥੋਥੇ ਪਾਲੇਟਿਕਸ ਦੇ ਪੇਤਲੇ ਚਿੱਕੜਾਂ ਵਿਚ ਮੱਛੀਆਂ ਫੜਦੇ ਰਹਿਣਗੇ, ਆਪਣੀਆਂ ਬੇਜਾਨ ਲਿਖਤਾਂ ਸੁਣਾਈ ਜਾਣ ਲਈ ਸਾਹ ਨਹੀਂ ਲੈਣਗੇ, ਪਰ ਕਿਸੇ ਦੂਸਰੇ ਦੀ ਧਿਆਨ

ਨਾਲ ਸੁਣਨ ਵੇਲੇ, ਜਾਂ ਕਿਸੇ ਕਲਾ ਦਾ ਮੁੱਲ ਪਾਉਣ ਜਾਂ ਸੁਹਜ-ਸੁਆਦ ਦੇ ਅਵਸਰ ਉਤੇ ਝਟ: "ਕੋਈ ਕੰਮ ਪੈ ਗਿਆ"......"ਔਖੀ ਹੈ" "ਕੋਈ ਹੋਰ ਗੱਲ ਕਰੋ ਜੀ" ਜਾਂ "ਐਸ ਵੇਲੇ ਮੂਡ ਨਹੀਂ" ਆਦਿਕ ਬਹਾਨੇ ਬਣਾ ਕੇ ਖਿਸਕ ਜਾਣਗੇ, ਪਰ ਰਤਾ ਕੁ ਦੂਰ ਜਾ ਕੇ ਫਿਰ ਥੋਥੇ ਗੱਪ ਗਪੌੜ ਵਿਚ ਮਸਤ—ਇਉਂ ਇਹ ਪਹੁੰਚਦੇ ਹਰ ਮਹਿਫਲ ਵਿਚ, ਪਰ ਟਿਕਦੇ ਦੋ ਪਲ ਵੀ ਨਹੀਂ, ਪੁਤਲੀ ਤਮਾਸ਼ੇ ਦਾ "ਨਾਚ" ਕੈਰੈਕਟਰ—ਚੋਕ ਤੇ ਸ਼ੌਕ ਵਾਲੀ ਗੱਲ ਤਾਂ... ਇਹਨਾ ਦੀ ਹਵਾ ਤਕ ਵੀ ਨਹੀਂ ਸਗੋਂ ਇਹ ਥਾਂ-ਕੁਥਾਂ... ਪਹੁੰਚ ਕੇ ਲੋਕਾਂ ਦਾ ਕੁਦਰਤੀ ਜ਼ੌਕ ਤੇ ਸ਼ੌਕ ਵੀ ਖਰਾਬ ਕਰਦੇ ਹਨ।

ਅਰਥਾਤ ਇਹਨਾਂ ਦੰਭੀ ਕਵੀਆਂ, ਜਾਂ ਆਪਣੀ ਥੋਥੀ ਸਾਹਿੱਤਕ ਸੂਝ ਦਾ ਢੰਡੋਰਾ ਪਿੱਟਣ ਵਾਲੇ "ਲਫਾ-ਫਿਆਂ" ਵਿਚ, ਗ਼ੈਰ-ਲੇਖਕ ਸਾਧਾਰਨ ਲੋਕਾਂ ਜਿੰਨਾ ਵੀ ਸਾਹਿੱਤਕ ਜਾਂ ਕਲਾਤਮਕ ਸੁਆਦ ਨਹੀਂ ਹੁੰਦਾ।

ਕਲਾ ਜਾਂ ਸਾਹਿਤ ਦੀ ਤੇਹ ਜਾਂ ਭੁੱਖ, ਅਸਲ ਵਿਚ ਜ਼ਿੰਦਗੀ ਦੀ ਭੁੱਖ-ਤੇਹ'ਚੋਂ ਹੀ ਪੈਦਾ ਹੁੰਦੀ ਹੈ। ਜਿਹੜੇ ਲੋਕ ਆਪਣੀ ਹੀ ਜ਼ਿੰਦਗੀ ਨਾਲ ਸੁਹਿਰਦ (Sincere) ਨਹੀਂ ਉਹ ਕਵਿਤਾ ਤੇ ਕਲਾ ਨਾਲ ਸੁਹਿਰਦ ਕਿਸ ਤਰ੍ਹਾਂ ਹੋ ਸਕਦੇ ਹਨ, ਵਿਖਾਲਾ ਭਾਵੇਂ ਕਿੰਨਾ ਵੀ ਪਾਉਂਦੇ ਫਿਰਨ। ਤਦੇ ਜ਼ਿੰਦਗੀ ਨੂੰ ਸੰਬੋਧਨ ਕਰ੍ਹਕੇ ਕਹਿੰਦਾ ਹਾਂ:—

"ਤੇਰੇ ਸਭ ਹੁਸਨਾਂ ਦੀ ਰੌਣਕ, ਸਾਡੇ ਹੀ ਹੁਨਰ ਦੀ ਕੋਸ਼ਿਸ਼ ਹੈ
ਅਸਲੀ ਕਵਿਤਾ ਤਾਂ ਘਾਓ ਹੈ, ਇਹ ਸ਼ੁਗਲ ਨਹੀਂ ਬੇਕਾਰਾਂ
ਦਾ"

? ਤੁਸੀਂ ਆਪਣੀ ਕਵਿਤਾ ਕਹਿਣ ਵੇਲੇ, ਕਿਹੋ ਜਹੇ ਸਰੋਤੇ ਪਸੰਦ ਕਰਦੇ ਓ ?

—ਤੁਹਾਡਾ ਇਹ ਪ੍ਰਸ਼ਨ ਵੀ ਬਹੁਤ ਵਿਸ਼ਾਲ ਤੇ ਦਿਲਚਸਪ ਹੈ, ਤੇ ਉੱਤਰ ਵੀ ਕੁਝ ਸਮਾਂ ਮੰਗਦਾ ਹੈ।

ਸਰੋਤਿਆਂ ਦੇ ਟਾਕਰੇ ਉਤੇ, ਪੜ੍ਹ ਕੇ ਕਵਿਤਾ ਜਾਂ ਸਾਹਿਤ ਦਾ ਸੁਆਦ ਮਾਨਣ ਵਾਲਿਆਂ ਦੀ ਮੇਰੇ ਅੰਦਰ ਵਧੇਰੇ ਕਦਰ ਹੈ।

ਅਸਲ ਵਿਚ ਪੰਜਾਬੀ ਸਾਹਿਤ ਦੀ ਇਹ ਵੱਡੀ ਬਦਕਿਸਮਤੀ ਹੈ ਕਿ ਜਿਥੇ ਦੂਜੀਆਂ ਬੋਲੀਆਂ ਦੇ ਲੋਕ ਆਪਣੇ ਸਾਹਿਤ ਨੂੰ ਪਿਆਰਦੇ, ਖਰੀਦਦੇ, ਪੜ੍ਹਦੇ ਤੇ ਹੋਰਨਾਂ ਪੜ੍ਹਾਉਣ ਲਈ ਸੰਭਾਲ ਕੇ ਰਖਦੇ ਹਨ, ਉਥੇ ਪੰਜਾਬੀ ਦੀ ਬਹੁਗਿਣਤੀ ਸਾਹਿਤ ਨੂੰ ਕੋਈ ਵਧੀਆ ਵਸਤ ਨ[illegible] ਸਮਝਦੀ, ਮੁਫਤ ਦਾ "ਨਿਰਸ ਮਾਲ" ਹੀ ਖਿਆਲ ਕਰ[illegible] ਹੈ, ਖਰੀਦਣ ਦੀ ਥਾਂ ਮੰਗ ਕੇ ਪੜ੍ਹਨ ਜਾਂ ਬਿਨ-ਪੜ੍ਹ[illegible] ਹੀ ਕਿਸੇ ਸਿਉਂਕ ਜਾਂ ਤੇਲ ਵਾਲੀ ਗੁੱਠੇ ਲਾਉਣ ਦੀ ਸ਼ੌਕੀ ਹੈ, "ਸੂਝ-ਰਸੀਆ" ਹੋਣ ਦੀ ਥਾਂ ਬਹੁਤਾ "ਕੰਨ-ਰਸੀਅ[illegible] ਤੇ ਤਮਾਸ਼ਬੀਨ ਹੈ, ਮੁਫਤ ਦੇ ਕਵੀ-ਦਰਬਾਰਾਂ ਆਦਿ [illegible] ਅਗਾਂਹ ਇਹਦੇ ਲਈ ਜ਼ਿੰਦਗੀ ਦੀ ਹੱਦ ਖਤਮ ਹੈ, ਕੋ[illegible] "ਅਗਲੀ-ਗੱਲ" ਸੁਣਦਿਆਂ ਇਹਨੂੰ ਪਸੀਨੇ ਛੁੱਟ ਪੈਂਦੇ ਹਨ

ਤੇ ਦੂਜੇ ਪਾਸੇ ਤੁਕਬੰਦ ਕਾਰੋਬਾਰੀ ਕਵੀ-ਮਹਾ[illegible] ਵੀ ਬੜੇ ਚਾਤਰ ਤੇ ਗੰਢ ਦੇ ਪੱਕੇ, ਆਪਣੇ ਏਸ "ਸ਼ਿਕਾਰ ਦੀ ਮੁਫਤਖੋਰ ਤੇ ਭਾਜੜੇ ਪਈ ਦਿਮਾਗ਼ੀ ਅਵਸਥਾ ਨੂੰ ਖੂ[illegible] ਪਛਾਣਦੇ ਹਨ।

ਸੋ ਮੇਰੇ ਲਈ ਉਹ ਸਰੋਤੇ ਜਾਂ ਸਾਹਿ[illegible] ਰਸੀਏ ਹੀ ਕੋਈ ਅਰਥ ਜਾਂ ਮੁੱਲ ਵਾਲੇ ਹਨ, "ਅਗਲੀ ਗੱਲ" ਸੁਣ ਜਾਂ ਪੜ੍ਹ ਸਕਦੇ ਹਨ, ਜੋ ਕਿਸੇ ਹੱ[illegible] ਵੀ 'ਮਾਇਆ' ਨੂੰ ਜਿਤ ਸਕੇ ਹਨ, ਕਿਸੇ ਵੀ ਹੱਦ ਤ[illegible] ਮਨੁੱਖੀ ਜੀਵਨ ਦੀਆਂ ਅੰਦਰ-ਬਾਹਰਲੀਆਂ ਹਕੀਕਤਾਂ [illegible] ਪਾ ਸਕਣ ਦੀ ਚਾਹ ਰਖਦੇ ਹਨ, ਜ਼ਿੰਦਗੀ ਨੂੰ ਲੁੱਟ ਦ[illegible] ਮਾਲ ਸਮਝ ਕੇ ਇੱਲਤਾਂ ਵਾਂਗ ਸਦਾ ਭੱਜੋ ਨੱਸੀ ਵਿਚ ਨਹੀਂ ਰਹਿੰਦੇ, ਸਗੋਂ ਕੁਝ ਟਿਕ-ਟਿਕਾਓ ਕਰਕੇ ਰੀਝਾਂ ਨਾਲ ਵ[illegible] ਮਾਣਦੇ ਹਨ, ਤੇ ਏਸੇ ਕਰਕੇ ਮਨੁੱਖਤਾ ਤੇ ਮਨੁੱਖੀ ਜੀਵ[illegible] ਸੰਬੰਧੀ ਉਹ ਕਿਸੇ ਹੱਦ ਤਕ ਵੀ ਸੁਹਿਰਦ ਜਾਂ ਬਾਖਲੂ[illegible] ਹਨ ਤੇ ਕਲਾ ਜਾਂ ਸਾਹਿਤ ਨੂੰ ਮਾਨਣ ਤੇ ਖਰੀਦਣ ਲਈ ਆਪਣੇ ਜੀਵਨ ਵਿਚੋਂ 'ਸਮਾਂ', ਉਤਸ਼ਾਹ ਤੇ ਜੇਬ 'ਚੋਂ ਕੁ[illegible] ਪੈਸੇ ਕੱਢਣ ਲਈ ਵੀ ਦਿਲ ਰਖਦੇ ਹਨ:—

"ਕਵਿਤਾ ਕਲਾ ਦੇ ਦਰ ਤਕ, ਕੋਈ ਓਹੋ ਪਹੁੰਚਦ[illegible]
ਸਭ ਧੰਦਿਆਂ 'ਚ ਜਿਸ ਨੂੰ, ਜ਼ਿੰਦਗੀ ਯਾਦ ਆਈ..."

? ਸੁਮੇਰ ਜੀ, ਇਸ ਤਰ੍ਹਾਂ ਦੇ ਸੁਹਿਰਦ ਸਰੋਤੇ ਤ[illegible] ਟਾਵੇਂ ਹੀ ਮਿਲਣਗੇ।

—ਠੀਕ ਹੈ ਤੁਹਾਡੀ ਗੱਲ, ਪਰ ਕਿਸੇ ਹੱਦ ਤਕ ਭਾਵੇਂ ਸੁਹਿਰਦ ਸਰੋਤੇ, ਕਵੀ-ਦਰਬਾਰੀ ਇਕੱਠਾਂ ਦੀ ਤਮਾਸ਼[illegible] ਬੀਨੀ ਵਿਚੋਂ ਘੱਟ ਹੀ ਮਿਲਦੇ ਹਨ, ਪਰ ਇਹਨਾਂ ਦ[illegible]

ਗਿਣਤੀ ਥੋੜੀ ਵੀ ਨਹੀਂ—ਤੇ ਫਿਰ ਥੋਥੀ ਵਾਹਵਾ ਦਾ ਸ਼ੋਰ ਮਚਾਉਣ ਵਾਲੇ ਵੱਡੇ ਸਾਰੇ ਜਮਘਟੇ ਨਾਲੋਂ, ਥੋੜੀ ਗਿਣਤੀ ਦੇ ਦਿਲ ਵਾਲੇ ਤੇ ਰਤਾ-ਕੁ ਸੂਝ ਤੇ ਸੱਚੇ ਸ਼ੌਕ ਵਾਲੇ ਸੱਜਣ "ਬੜੀ ਗੱਲ" ਹੁੰਦੇ ਹਨ—ਕਈ ਅਨਪੜ੍ਹ ਜਾਪਦੇ ਮਿਹਨਤੀ ਲੋਕ ਬੜੇ ਹੀ ਸੁਹਿਰਦ ਤੇ ਕਲਾ-ਰਸੀਏ ਦੇਖੇ ਗਏ ਹਨ। ਇਹਨਾਂ ਤੋਂ ਉਲਟ ਬੜੀਆਂ ਬੜੀਆਂ ਡਿਗਰੀਆਂ ਵਾਲੇ ਤੇ ਫੋਕੀਆਂ ਗੱਲਾਂ ਰਿੜਕੀ ਜਾਣ ਵਾਲੇ ਮਾਇਆਧਾਰੀ ਜਾਂ ਚਤੁਰ ਲੋਕ, ਜ਼ਿੰਦਗੀ ਦੀਆਂ ਹਕੀਕਤਾਂ ਤੇ ਅਸਲ ਖੁਸ਼ੀਆਂ ਤੋਂ ਕੋਹਾਂ ਦੂਰ ਹੁੰਦੇ ਹਨ ਨਿਰਾ ਅੰਨ ਤੇ ਪੈਸੇ ਦੀ ਵਰਾਨੀ, ਜ਼ਿੰਦਗੀ ਤੇ ਸਮਾਜ ਦੀ ਗੱਡੀ ਨੂੰ ਪਿਛਾਂਹ ਧੂਹਣ ਵਾਲੇ। ਕਲਾ ਨੂੰ ਐਸੇ ਲੋਕਾਂ ਦੇ ਨੇੜੇ ਲਿਜਾਣਾ ਕਲਾ ਦੀ ਹੱਤਕ ਨਹੀਂ ਤਾਂ ਹੋਰ ਕੀ......

? ਅਸਲੀ ਕਲਾਕਾਰ ਜਾਂ ਲੇਖਕ ਨੂੰ, ਕਿਸ ਪਰਕਾਰ ਦੇ ਵੱਡੇ ਸੰਘਰਸ਼ਾਂ ਦੀ ਚੁਨੌਤੀ ਨਾਲ ਵਾਸਤਾ ਪੈਂਦਾ ਹੈ ?

—ਇਹ ਪ੍ਰਸ਼ਨ ਵੀ ਤੁਹਾਡੀ ਸੰਘਰਸ਼ ਮਈ ਕਲਾ-ਰੁਚੀ ਦਾ ਪਿਆਰਾ ਸਬੂਤ ਹੈ। ਬਿਲਕੁਲ ਠੀਕ। ਖੋਟੇ ਜਾਂ ਮੌਕਾ-ਪ੍ਰਸਤ ਲਫਾਫਾ-ਕਲਾਕਾਰ ਲਈ ਤਾਂ ਸੰਘ-ਰਸ਼ ਜਾਂ ਚੁਨੌਤੀ ਦੇ ਸੱਚ ਹੀ ਕੋਈ ਅਰਥ ਨਹੀਂ ਹਨ। ਅਸਲੀ ਕਲਾਕਾਰ ਦਾ ਸੰਘਰਸ਼, ਕਿਸੇ ਦੇਸ਼ ਦੀ ਆਰਥਕ ਤੇ ਰਾਜਸੀ ਸੁਤੰਤਰਤਾ ਜਾਂ ਸਮਸਿਆਵਾਂ ਨਾਲ ਵੀ ਮੇਲ ਖਾਂਦਾ ਹੈ, ਬਿਲਕੁਲ ਉਸੇ ਤਰ੍ਹਾਂ, ਜਿਸ ਤਰ੍ਹਾਂ ਭਾਰਤ ਵਿਚ ਅਸਲ ਲੋਕਾਂ ਨੂੰ ਨਾ ਕੇਵਲ ਬਾਹਰਲੀਆਂ ਗੁੱਝੀਆਂ-ਪਰਗਟ ਮਾਰੂ ਤਾਕਤਾਂ ਨਾਲ ਯੁੱਧ ਕਰਨਾ ਪੈਂਦਾ ਹੈ, ਸਗੋਂ ਸਭ ਤੋਂ ਬਹੁਤਾ ਦੇਸ਼ ਦੀਆਂ ਅੰਦਰਲੀਆਂ ਮੌਕਾ-ਤਾੜੂ ਪਿਛੇ-ਖਿੱਚੂ ਨਿਪੁੰਸਕ...ਤਾਕਤਾਂ ਨਾਲ ਵੀ, ਜਿਸ ਤਰ੍ਹਾਂ ਕਿ ਵੀਤਨਾਮ ਵਿਚ ਉਥੋਂ ਦੇ 'ਅਸਲ' ਲੋਕਾਂ ਨੂੰ ਬਾਹਰਲਿਆਂ ਨਾਲ ਵੀ, ਤੇ ਬਾਹਰਲਿਆਂ ਨਾਲ ਮਿਲੇ ਹੋਏ ਗ਼ੱਦਾਰ ਤੇ ਨਿਪੁੰਸਕ ਹਿੰਮਤਾਂ ਵਾਲੇ ਮੌਕਾ-ਤਾੜੂ ਚਤੁਰ ਲੋਕਾਂ ਨਾਲ ਚੋਹੜਾ ਘੋਲ ਕਰਨਾ ਪਿਆ ਹੈ—ਸੋ ਬਿਲਕੁਲ ਏਸੇ ਤਰ੍ਹਾਂ ਹਰ ਸੱਚੇ ਕਲਾ-ਕਾਰ ਨੂੰ ਨਾ ਕੇਵਲ ਆਪਣੀ ਕਲਾ ਲਈ ਸੰਘਰਸ਼ ਕਰਨਾ ਪੈਂਦਾ ਹੈ, ਸਗੋਂ "ਲਫਾਫਾ ਕਲਾਕਾਰਾਂ ਜਾਂ ਸਾਹਿਤਕਾਰਾਂ" ਦੇ ਖਿਲਾਰੇ ਵਿਸ਼ੈਲੇ ਕੰਡਿਆਂ ਨੂੰ ਬੰਨੇ ਲਾਉਣ ਲਈ ਵੀ ਬਹੁਤ-ਕੁਝ ਕਰਨਾ ਪੈਂਦਾ ਹੈ। ਇਹ ਲਫਾਫਾ ਕਲਾਕਾਰ ਤੇ ਲੇਖਕ......ਜੋ ਆਪਣੇ ਨਿੱਜੀ ਸਵਾਰਥ ਖਾਤਰ ਲੋਕਾਂ ਨੂੰ ਜੋਕ ਵਾਂਗ ਚੰਬੜੇ, ਲੋਕਾਂ ਵਿਚ ਅਸਲੀ ਤੇ ਕੁਝ ਮੁਸ਼ਕਿਲ (ਤੁਲੀ ਸਾਹਿਬ, ਤੁਹਾਨੂੰ ਪਤਾ ਹੀ ਹੈ ਮੁਸ਼ਕਿਲ ਕਲਾ ਨੂੰ ਮੈਂ "ਚਾਹ" ਦੇ ਟਾਕਰੇ ਉਤੇ "ਖਰੇ ਦੁਧ ਵਰਗੀ" ਕਿਹਾ ਕਰਦਾ ਹਾਂ, ਦੁਧ, ਜੋ ਮਿਹਦੇ ਉਤੇ ਕੁਝ ਮਜ਼ੇਦਾਰ ਭਾਰ ਪਾਉਂਦਾ ਹੈ) ਕਲਾ ਦਾ ਨਿੱਗਰ ਸੁਆਦ ਜਾਗਣ ਨਹੀਂ ਦੇਂਦੇ ਉਹਨਾਂ ਦਾ ਸੁਹਜ-ਸੁਆਦ ਵਧਣ-ਫੁਲਣ ਨਹੀਂ ਦੇਂਦੇ, ਤੇ ਇੰਜ ਪਥ-ਭ੍ਰਿਸ਼ਟ ਹੋਏ ਮਸੂਮ ਲੋਕਾਂ ਰਾਹੀਂ, ਵਧੀਆ ਕਲਾ ਤੇ ਕਲਾਕਾਰਾਂ ਦੇ ਕਦਮ ਵੀ ਨਿਵਾਣ ਵੱਲ ਖਿਚਾਈ ਰੱਖਣ ਦੀਆਂ ਚਾਲਾਂ ਚਲਾਉਂਦੇ ਰਹਿੰਦੇ ਹਨ।

? ਪੰਜਾਬੀ ਸਾਹਿਤ-ਖੇਤਰ ਵਿਚ ਸਭ ਤੋਂ ਵੱਡਾ ਸੰਕਟ ?

—ਪੰਜਾਬੀ ਲੇਖਕ ਤੇ ਇਹਨਾਂ ਦੀਆਂ ਰਚਨਾਵਾਂ ਭਾਵੇਂ ਮਹਾਨਤਾ ਦੀ ਸਿਖਰਲੀ ਚੋਟੀ ਉਤੇ ਹਨ, ਪਰ ਦੂਜੀਆਂ ਬੋਲੀਆਂ ਦੇ ਟਾਕਰੇ ਉਤੇ ਨਿਸਬਤਨ ਪੰਜਾਬੀ ਦੇ ਸਾਹਿਤ-ਰਸੀਏ ਜਾਂ ਪਾਠਕ, ਜਿਵੇਂ ਕਿ ਮੈਂ ਪਹਿਲਾਂ ਦੱਸ ਚੁਕਾ ਹਾਂ, ਬਹੁਤ ਹੀ ਟਾਵੀਂ ਗਿਣਤੀ ਵਿਚ ਮਿਲਣਗੇ।

ਇਕ ਤਜਰਬਾਕਾਰ ਪਬਲਿਸ਼ਰ ਕਹਿ ਰਹੇ ਸਨ :—

"ਕਿਸੇ ਪੰਜਾਬੀ ਸੱਜਣ ਦੀ ਜੇਬ ਵਿਚ ਦਸ ਰੁਪਏ ਵਾਧੂ ਪਏ ਹੋਣ ਤਾਂ ਇਸ ਬਾਰੇ ਉਹਨੂੰ ਪੁੱਛੋ 'ਵੀਰ, ਇਹ ਰੁਪਏ ਕਿਸੇ ਤਰ੍ਹਾਂ ਖਰਚ ਕਰਨਾ ਚਾਹੇਂਗਾ ?' ਤਾਂ ਸੌ ਵਿਚੋਂ ਲਗਪਗ ਪਚਾਨਵਿਆਂ ਦੇ ਉੱਤਰ ਇਸ ਪਰਕਾਰ ਦੇ ਮਿਲਦੇ ਜੁਲਦੇ ਹੋਣਗੇ :—ਪਊਆ ਨਸ਼ਾ.. ...ਜੇ ਇਹ ਵੀ ਨਹੀਂ ਤਾਂ ਕਿਸੇ ਹੋਟਲ ਤੇ ਰੋਟੀ ਚਾਹ—ਇਹ ਵੀ ਨਹੀਂ ਤਾਂ ਸਿਨਮਾ ਹੀ ਸਹੀ...' ਤੇ ਜੇ ਆਖੋ 'ਮਿੱਤਰ, ਤੂੰ ਇਸ ਰਕਮ ਵਿਚੋਂ ਡੂੜ੍ਹ ਦੋ ਦਮੜੇ ਕਿਸੇ ਪੰਜਾਬੀ ਰਸਾਲੇ ਜਾਂ ਕਿਤਾਬ ਲਈ ਵੀ ਕੱਢ ?...ਤਾਂ ਉਹਦੇ ਪਾਸੋਂ ਉਤਰ ਐਸਾ ਕਰਾਰਾ ਮਿਲੇਗਾ ਕਿ ਮੁੜ ਕਦੇ ਵੀ ਐਸੀ ਸਲਾਹ ਕਿਸੇ ਹੋਰ ਨੂੰ ਦੇਣ ਦੀ ਹਿੰਮਤ ਨਾ ਕਰ ਸਕੋਗੇ..."

ਤੁਸੀਂ ਜਾਣਦੇ ਹੀ ਓ ਕਵਿਤਾ, ਸਮੁੱਚੇ ਸਾਹਿਤ ਦੀ ਸਭ ਤੋਂ ਵੱਧ ਧੜਕਦੀ ਰਗ ਹੈ। ਇਹ ਆਮ ਕਿਹਾ ਜਾਂਦਾ ਹੈ —'ਵੇਖੋ ਜੀ, ਪੰਜਾਬੀ ਦੇ ਕਵੀ-ਦਰਬਾਰਾਂ ਰਾਹੀਂ ਪੰਜਾਬੀ ਦਾ ਕਿੰਨਾ ਪਰਚਾਰ ਹੋ ਰਿਹਾ ਹੈ !'

"ਪਰਚਾਰ" ਦਾ ਇਹ ਸ਼ਬਦ ਸਾਡੇ ਸਿਧੇ-ਪਧਰੇ ਸੱਜਣਾਂ ਅੰਦਰ ਕਿੰਨਾ ਵੱਡਾ ਤੇ ਤਰਸ-ਯੋਗ ਭੁਲੇਖਾ ਹੈ; ਹਾਲਾਂ ਕਿ ਵਾਸਤਵਿਕਤਾ ਇਹਦੇ ਬਿਲਕੁਲ

ਹੀ ਉਲਟ ਹੈ; ਕਿਉਂਕਿ ਅਜਿਹੇ "ਤਮਾਸ਼ਬੀਨ-ਪਰਚਾਰ" ਦਾ ਪਰਭਾਵ, ਸਮੁੱਚੇ ਪੰਜਾਬੀ ਸਾਹਿਤ ਬਾਰੇ "ਸਮੂਹਕ-ਉਪਰਾਮਤਾ" ਜਹੇ ਅਤਿ ਸ਼ੋਕਦਾਇਕ ਸਿੱਟੇ ਵੱਜੋਂ ਸਾਹਮਣੇ ਆ ਰਿਹਾ ਹੈ। ਇਹ ਕਵੀ-ਦਰਬਾਰੀ ਚਸਕਾ (ਦੂਜੇ ਅਰਥਾਂ ਵਿਚ ਗ਼ੈਰ-ਸਾਹਿੱਤਕ ਤੇ ਸੁਹਜ-ਸੁਆਦ ਤੋਂ ਸੱਖਣੀ ਕੰਨ-ਰਸੀ ਜਾਂ ਸ਼ੁਗ਼ਲ-ਮੇਲਾ) ਅਜ ਕਲ ਬੱਚਾ-ਜਨਮ, ਮਰਨ, ਵਿਆਹ, ਤੇ ਮਕਾਨਾਂ, ਦੁਕਾਨਾਂ, ਫੈਕਟਰੀਆਂ ਦੀ ਚੱਠ ਤੋਂ ਲੈ ਕੇ ਹਰ ਪਰਕਾਰ ਦੀ ਬਾਜ਼ਾਰੀ ਸਟੇਜ ਉੱਤੇ ਜਿੰਨਾ ਵਧ ਫੈਲ ਰਿਹਾ ਹੈ, ਓਨੀ ਹੀ ਨਿਸਬਤ ਨਾਲ ਪੜ੍ਹਨ-ਰੁਚੀ ਘਟਦੀ ਜਾ ਰਹੀ ਹੈ, ਓਨਾ ਹੀ ਲੋਕ ਪੰਜਾਬੀ ਸਾਹਿਤ ਤੇ ਕਲਾ ਤੋਂ ਲੱਖਾਂ ਕੋਹਾਂ ਜਿੰਨੇ ਦੂਰ ਹੁੰਦੇ ਜਾ ਰਹੇ ਹਨ। ਤੁਸੀਂ ਹੀ ਦੱਸੋ, ਕਿਸੇ ਹੋਰ ਬੋਲੀ ਵਾਲਿਆਂ ਵਿਚ ਵੀ ਪੰਜਾਬੀ ਕਵਿਤਾ ਜਿੰਨੀ 'ਕੁੱਕੜ-ਖੇਡ' ਹੈ ?

? ਪੰਜਾਬੀ ਸਾਹਿਤ ਦੇ ਵਿਕਾਸ-ਮਾਰਗ ਦੇ 'ਸੰਕਟ' ਵਿਚ "ਪੰਜਾਬੀ ਕਵੀ ਦਰਬਾਰ' ਨੂੰ ਤੁਸਾਂ ਇਕ ਵੱਡੀ ਸਮੱਸਿਆ ਸਿੱਧ ਕੀਤਾ ਹੈ, ਇਹਦਾ ਮਨੋਵਿਗਿਆਨਿਕ ਤੱਥ ਵੀ ਤਾਂ ਹੈ.........

—ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਵੀ ਸੰਖੇਪ ਨਹੀਂ ਇਹ ਮਨੋ-ਵਿਗਿਆਨਿਕ ਤੱਥ ਹੈ ਕਿ ਕੋਈ ਵੀ ਚੰਗੀ ਵਸਤੂ, ਜਿੰਨੀ ਵੀ ਘਟੀਆ ਪਰਕਾਰ ਦੀ ਤਮਾਸ਼ਬੀਨੀ ਦੇ ਘੇਰੇ ਵਿਚ ਜਾਏਗੀ, ਓਨਾ ਹੀ ਲੋਕਾਂ ਵਿਚ ਉਹਦਾ ਸਤਿਕਾਰ ਤੇ ਥਾਂ ਘਟੇਗੀ, ਜਿਵੇਂ ਕਿ ਪੰਜਾਬੀ ਸਟੇਜ ਉੱਤੇ ਫੱਕੜ ਕਵਿਤਾਵਾਂ ਲਈ ਹਜ਼ਾਰਾਂ ਲੋਕ ਤਾਲੀਆਂ ਪਿੱਟਦੇ, ਪਰ ਉੱਤਮ ਪਰਕਾਰ ਦੀ ਕਵਿਤਾ ਵੇਲੇ ਆਪਣੀ ਸਮਝ ਨੂੰ ਤਾਲਾ ਠੋਕ ਬਹਿੰਦੇ ਹਨ, ਤੇ ਜਾਂ ਮੂੰਹ ਚਿੜਾ ਚਿੜਾ ਕੇ, ਆਪਣੇ ਸੁਹਜ-ਸੁਆਦੋਂ ਸੱਖਣੇ ਤੇ ਘਟੀਆ ਹੋਣ ਦਾ ਤਰਸ-ਯੋਗ ਸਬੂਤ ਦੇਂਦੇ ਹਨ।

ਇਹ ਮਨੋਵਿਗਿਆਨਕ ਤੱਥ ਹੈ ਕਿ "ਚਾਲਾਕੀ" ਆਪਣੇ ਹਥਨਾਟਕਾਂ ਰਾਹੀਂ ਨਾ ਕੇਵਲ ਆਪਣੇ ਜਹੇ ਚਾਲਾਕਾਂ, ਸਗੋਂ ਬੜੇ ਬੜੇ ਬੌਧਿਕ ਪਰਸਿੱਧੀ ਵਾਲੇ ਭੱਦਰ-ਪੁਰਸ਼ਾਂ ਦੇ ਸਿਰ ਉਤੇ ਵੀ ਸਵਾਰ ਹੋ ਕੇ, ਉਹਨਾਂ ਵਿਚ ਭਾਰੀ ਮਾਨਯੋਗ ਥਾਂ ਬਣਾ ਲੈਂਦੀ ਹੈ, ਤੇ ਇਹਦੇ ਉਲਟ "ਸੂਝਬੂਝ ਤੇ ਸੁਚੱਜ" ਦੀ ਥਾਂ ਉਹਨਾਂ ਵਿਚ ਤੰਗ ਹੋ ਜਾਂਦੀ ਹੈ: ਕਿਉਂਕਿ ਸੂਝ-ਬੂਝ ਤੇ ਸੁਚੱਜ 'ਹਥਨਾਟਕ' ਤੋਂ ਉੱਚੇ-ਸੁੱਚੇ ਹੁੰਦੇ ਹਨ। ਏਸੇ ਤਰ੍ਹਾਂ ਪੰਜਾਬੀ ਦੇ ਆਮ ਕਵੀ-ਦਰਬਾਰਾਂ ਦੇ ਕਵੀ ਸੱਜਣ ਹਨ। ਇਹਨਾਂ ਨੂੰ ਆਪਣੀ ਕਵਿਤਾ ਦਾ ਵਿਕਾਸ ਕਲਾਤਮਕ ਜਾਂ ਸਾਹਿੱਤਕ ਰੂਪ ਵਿਚ ਕਰਨ ਬਾਰੇ ਕੋਈ ਦਿਲਚਸਪੀ ਨਹੀਂ ਹੁੰਦੀ, ਸਗੋਂ ਸਿਰਫ ਆਪਣੇ ਆਪ ਨੂੰ "ਕਵੀ ਮਨ-ਵਾਉਣ ਦਾ ਝੱਸ" ਹੀ ਹੁੰਦਾ ਹੈ। ਇਉਂ ਜਿਹੜਾ ਵੀ ਅਜਿਹਾ "ਅਖਾਉਤੀ ਕਵੀ" ਸਟੇਜ ਦਾ ਮਾਹਿਰ ਹੈ, ਉਹ ਭੋਲੇ-ਭਾਲੇ ਸਰੋਤਿਆਂ ਉਪਰ ਆਪਣਾ ਮਾਨਸਿਕ ਪ੍ਰਭਾਵ ਠੋਸਦਾ, ਅਰਥਾਤ ਕਵਿਤਾਂ ਨੂੰ ਗਾ ਗਾ ਕੇ ਤੇ ਏਧਰ-ਓਧਰ ਬਾਹਵਾਂ ਉਲਾਰ ਕੇ ਉਹਨਾਂ ਨੂੰ ਇਕ ਤਰ੍ਹਾਂ ਨਾਲ ਹਿਪਨੋਟਾਈਜ਼ (Hypnotise) ਜਿਹਾ ਕਰ ਦੇਂਦਾ ਹੈ।

ਪਰ ਏਸ ਉਪ੍ਰੋਕਤ "ਤਮਾਸ਼ਬੀਨੀ" ਦੀ ਜੜ੍ਹ ਓਸ ਉਰਦੂ ਤੇ ਹਿੰਦੀ ਦੀ ਸਟੇਜ ਉਤੇ ਖੂਬ ਨਿਖੜਦੀ ਹੈ, ਜਿਥੇ ਪੰਜਾਬੀ ਦੇ ਸਟੇਜ-ਕਵੀ ਵੀ ਬੁਲਾਏ ਜਾਂਦੇ ਹਨ। ਐਸੇ ਅਵਸਰ ਉੱਤੇ, ਜਿਥੇ ਉਰਦੂ-ਹਿੰਦੀ ਤੇ ਕੁਝ ਪੰਜਾਬੀ ਦੇ ਕਵੀ ਸੁਲਝੀ ਹੋਈ ਗੱਲ ਕਰਦੇ ਹਨ, ਓਥੇ ਉਪਰੋਕਤ ਪੰਜਾਬੀ ਦੀ ਸਟੇਜੀ ਕਵਿਤਾ ਦੀ ਉਹ ਖਿੱਲ੍ਹੀ ਉਡਦੀ ਹੈ, ਤੇ 'ਮੁਕਾਬਲੇ ਉਤੇ'.........ਜਿੰਨਾ ਬੁਰਾ ਤੇ ਤਰਸਮਈ ਪ੍ਰਭਾਵ ਲੋਕਾਂ ਉਤੇ ਪੈਂਦਾ ਹੈ ਸੂਝਵਾਨ ਪੰਜਾਬੀ ਸਰੋਤੇ ਸ਼ਰਮ ਨਾਲ ਪਾਣੀ-ਪਾਣੀ ਹੋ ਜਾਂਦੇ ਹਨ—ਤਮਾਸ਼ਾ ਏਥੇ ਹੀ ਖਤਮ ਨਹੀਂ, ਫਿਰ ਸਾਡੇ...ਇਹ ਕਵੀ ਊਟਪਟਾਂਗ ਹਾਸੇ ਦੀਆਂ ਕਵਿਤਾਵਾਂ ਸ਼ੁਰੂ ਕਰ ਦੇਂਦੇ ਹਨ—ਬਾਜ਼ਾਰ ਦਾ ਉਹ ਇੱਕਠ ਅੱਖਾਂ ਸਾਹਮਣੇ ਲਿਆਓ, ਜਿਥੇ ਮਦਾਰੀ ਤਾਂ ਆਪਣੇ ਸੁਚੱਜੇ ਹਥ-ਨਾਟਕ ਰਾਹੀਂ ਲੋਕਾਂ ਦੀ ਵਾਹਵਾ ਜਿੱਤਦਾ ਹੈ, ਪਰ ਉਹਦਾ "ਸੁਚੱਜ-ਹੀਣ-ਜਮੂਰਾ" ਆਪਣੇ ਸਿਰ ਉਤੇ ਕੋਈ ਸ਼ੈ ਧੜ ਕੇ ਜਾਂ ਟਪੋਸੀਆਂ ਮਾਰ ਕੇ ਲੋਕਾਂ ਦਾ ਧਿਆਨ ਖਿੱਚਣ ਦਾ ਤਰਲਾ ਮਾਰਦਾ ਹੈ—ਇਕ ਪਾਸੇ ਜ਼ਿੰਦਗੀ ਦੇ ਖਰੇ ਸੁਆਦ ਨਾਲ ਭਖਦੀ ਵਾਹਵਾ, ਤੇ ਦੂਜੇ ਪਾਸੇ ਤਰਸਮਈ ਹਾਸੇ ਦੀ ਬੁਛਾੜ.......:

ਫਿਰ ਵੀ ਅਸੀਂ ਇਹ ਪਰਤੱਖ ਦੇਖ ਰਹੇ ਹਾਂ ਕਿ ਅੰਗਰੇਜ਼ੀ ਹਿੰਦੀ ਉਰਦੂ ਤੇ ਹੋਰ ਬੋਲੀਆਂ ਦੇ ਲੋਕਾਂ ਵਿਚ, ਸਾਹਿਤ ਕਾਰ ਏਨੀ ਡਿੱਗੀ ਹੋਈ ਹਦ ਤਕ ਤਮਾਸ਼ਬੀਨੀ ਨਹੀਂ ਕਰਦੇ। ਉਰਦੂ ਕਵੀਆਂ ਨੇ ਆਪਣਾ ਮਿਆਰ ਨੀਵਾਂ ਨਹੀਂ ਹੋਣ ਦਿੱਤਾ, ਤੇ ਪੰਜਾਬੀ ਦੇ ਸਟੇਜੀ ਕਵੀਆਂ ਵਾਂਗ ਅੱਖਾਂ ਮੀਟੀ ਜਨਤਾ ਦੇ ਪਿੱਛੇ ਨਹੀਂ ਲੱਗੇ, ਸਗੋਂ ਉਹ ਬੜੀ ਹਿੰਮਤ ਨਾਲ ਜਨਤਾ ਦੇ ਸ਼ੌਕ ਨੂੰ ਆਪਣੇ ਮਿਆਰ ਤਕ ਉਠਾ ਕੇ ਲੈ ਗਏ ਤੇ ਲੈ ਜਾ ਰਹੇ ਹਨ। ਏਹੋ ਕਾਰਨ ਹੈ ਕਿ ਉਰਦੂ ਹਿੰਦੀ ਆਦਿ ਦੇ ਸੁਲਝੇ ਹੋਏ ਲੇਖਕਾਂ ਤੇ ਉਹਨਾਂ ਦੇ ਪਾਠਕਾਂ

ਲਈ ਐਸਾ ਕੋਈ ਸੰਕਟ ਨਹੀਂ, ਲੋਕ ਬੜੇ ਸ਼ੌਕ ਨਾਲ ਉਹਨਾਂ ਦਾ ਵਧੀਆ ਸਾਹਿਤ ਖਰੀਦਦੇ ਤੇ ਪੜ੍ਹਦੇ ਹਨ... ਤੇ ਏਹੋ ਹੀ ਕਾਰਨ ਹੈ ਕਿ ਜਿਥੇ ਉਹਨਾਂ ਦੇ ਸਾਹਿਤ ਤੇ ਇਹਦੇ ਨਾਲ ਹੀ ਕਲਾ ਨੂੰ ਵਧ ਚੜ੍ਹ ਕੇ ਵਿਕਾਸ ਕਰਨ ਲਈ ਸੁਹਿਰਦ ਪਰੇਰਨਾ ਮਿਲਦੀ ਹੈ, ਉਥੇ ਉੱਚ ਨਿਸ਼ਾਨੇ ਵਾਲੇ ਪੰਜਾਬੀ ਸਾਹਿਤਕਾਰ ਤੇ ਕਲਾਕਾਰ ਆਪਣੇ ਸਮਾਜ ਵਲੋਂ ਬਹੁਤ ਹਦ ਤਕ ਉਤਸ਼ਾਹ-ਹੀਣ ਹੀ ਰਹਿੰਦੇ ਹਨ।

? ਘਟੀਆ ਤੇ ਬੇਜੀਵਨ ਸਾਹਿਤ ਨੂੰ, ਲੋਕ ਖਰਾ ਤੇ ਸਜੀਵਨ ਕਿਉਂ ਮੰਨ ਲੈਂਦੇ ਹਨ ?

—ਹਨੇਰਾ, ਸਿਰਫ ਸੂਰਜ ਦਾ ਰਤਾ ਉਹਲੇ ਹੋ ਜਾਣਾ ਹੈ...ਬਾਂਦਰੀ ਨੂੰ ਆਪਣੀ ਹਿੱਕੇ ਲਾਏ ਮੋਏ ਬੱਚੇ ਦੇ ਮੋਏ ਹੋਣ ਦਾ ਅਹਿਸਾਸ ਜ਼ਰੂਰ ਹੁੰਦਾ ਹੋਵੇਗਾ, ਪਰ ਕਈ ਪੰਜਾਬੀ ਲੇਖਕਾਂ ਦੀ ਹੱਡੀ ਅਜੀਬ ਹੈ, ਉਹ ਆਪਣੀ ਕਿਸੇ ਲਿਖਤ ਨੂੰ 'ਟੈਗੋਰ ਇਕਬਾਲ' ਤੋਂ ਰਤਾ ਵੀ ਘੱਟ ਮੰਨਣ ਨੂੰ ਤਿਆਰ ਨਹੀਂ, ਪਰ ਉਹਨਾਂ ਨੂੰ ਏਸ ਲਿਖਤ ਦੇ ਕਿਤੇਂ ਮੰਦੇ ਜਾਂ ਮਰੇ ਹੋਣ ਦਾ ਅਹਿਸਾਸ ਤੱਕ ਵੀ ਨਹੀਂ ਹੁੰਦਾ, ਤੇ ਏਸ ਲੋਥ ਨੂੰ ਉਹ ਬੜੀ ਸਿਆਣਪ ਨਾਲ ਥਾਂ ਥਾਂ ਲੋਕਾਂ ਦੇ ਮੋਢਿਆਂ ਉਤੇ ਧਰੀ ਫਿਰਦੇ ਹਨ; ਹਾਲਾਂਕਿ ਐਸੇ ਲੇਖਕਾਂ ਵਿਚ, ਲਿਖਣ ਵਾਲੀ ਸੁਚੱਜੀ ਮਿਹਨਤ, ਸੁਯੋਗਤਾ ਲਈ ਤੜਪ, ਸੁਆਦ ਤੇ ਸਹਿਨਸ਼ੀਲਤਾ ਦਾ ਭੋਗ ਮਾਸਾ ਤਕ ਵੀ ਨਹੀਂ ਹੁੰਦਾ......

? ਪਰ ਲੋਕ ਇਸ ਮੋਏ ਬੱਚੇ ਨੂੰ ਥਾਂ ਕਿਉਂ ਦੇਂਦੇ ਹਨ ?

—ਜੀ ਹਾਂ, ਮੈਂ ਇਹੀ ਦਸ ਰਿਹਾ ਹਾਂ। ਬਾਜ਼ਾਰ ਵਿਚ ਹਰ ਪਰਕਾਰ ਦਾ ਕੂੜਾ-ਕਰਕਟ ਵਿਕ ਰਿਹਾ ਹੈ। ਏਸੇ ਤਰ੍ਹਾਂ ਤੁਸੀਂ ਭੋਲੀ ਭਾਲੀ ਜਨਤਾ ਦੇ ਅੰਦਰ ਇਕ ਹੋਰ ਤਮਾਸ਼ਾ ਦੇਖ ਰਹੇ ਓ; ਭਾਰਤ ਤੋਂ ਅਮਰੀਕਾ ਜਹੇ ਦੂਰ-ਦੁਰਾਡੇ ਦੇਸ਼ਾਂ ਤਕ ਟਪੋਸੀਆਂ ਮਾਰ ਕੇ ਮਾਇਆ ਇੱਕਠੀ ਕਰਨ ਵਾਲੇ ਅਨੇਕਾਂ 'ਰੱਬ' ਰੋਜ਼ ਜੰਮਦੇ ਤੇ ਮਰਦੇ ਹਨ। ਦੰਭ ਤੇ ਪਖੰਡ ਦੀ ਗੁੱਡੀ ਇਕ ਵਾਰ ਅਸਮਾਨੇ ਚੜ੍ਹਦੀ ਹੀ ਹੈ। ਜੇ ਉਪਰੋਕਤ ਫੱਕੜ ਕਵੀਆਂ-ਲੇਖਕਾਂ ਨੂੰ ਭੋਲੀ ਜਨਤਾ 'ਇਕ ਵਾਰ' ਸਿਰ ਉਤੇ ਚੁਕ ਦੂਜੀ ਵਾਰ ਠਾਹ ਕਰਕੇ ਭੁੰਜੇ ਪਟਕਾ ਮਾਰੇ ਤਾਂ ਹੈਰਾਨੀ ਨਹੀਂ ਹੋਣੀ ਚਾਹੀਦੀ ਦੀਵੇ-ਦੁੱਕੜਿਆਂ ਦੀ ਚਮਕ-ਦਮਕ ਸਿਰਫ ਰਾਤ ਦੇ ਅੰਧਕਾਰ ਤਕ ਹੀ ਹੈ। ਦੀਵਿਆਂ ਨੂੰ ਜੀਭ ਮਿਲ ਜਾਏ ਤਾਂ ਅੰਧਕਾਰ ਦਾ ਪਸਾਰ ਹੀ ਮੰਗਣਗੇ, ਸੂਰਜ ਦਾ ਕਦੇ ਨਹੀਂ, ਉਹ "ਜਨਤਾ ਵਿਚ ਜਾਗਰਤਾ" ਜਾਂ ਘੜਮੱਸ ਤੇ ਲੁੱਟ ਪੁੱਟ ਦੀ ਅਵਸਥਾ ਦਾ ਖਾਤਮਾ ਕਦੇ ਵੀ ਨਹੀਂ ਚਾਹੁਣਗੇ......

? ਕਈ ਕਲਾਕਾਰਾਂ ਵਿਚ ਦੰਭ, ਤੰਗਦਿਲੀ, ਤੇ ਹੋਛਾ ਪਨ ਕਿਉਂ ਹੈ ? ਹੈਰਾਨੀ ਹੈ ਕਿ ਉਹ ਕੁਝ-ਕੁਝ ਚੰਗਾ...... ਵੀ ਲਿਖਦੇ ਹਨ।

— ਇਸ ਵਿਚ ਹੈਰਾਨੀ ਦੀ ਕੋਈ ਗੱਲ ਨਹੀਂ। ਤੁਸੀਂ ਵੇਖਦੇ ਹੀ ਓ ਕਈ ਮਹਾਨ ਵਿਦਵਾਨ, ਛੇ ਛੇ ਵੱਡੀਆਂ ਡਿਗਰੀਆਂ ਵਾਲੇ ਆਪਣੇ ਜੀਵਨ ਵਿਚ ਬੇਹੱਦ ਵਹਿਮੀ, ਅੜੇ ਹੰਕਾਰੇ ਹੋਏ, ਤੇ ਛੋਟੀਆਂ ਛੋਟੀਆਂ ਗੱਲਾਂ ਵਿਚ ਫਾਥੇ ਹੁੰਦੇ ਹਨ, ਅਸਲ ਵਿਚ ਇਹਨਾਂ ਦੀ ਨੇਚਰ ਸੱਪ ਨੂੰ ਦੁੱਧ ਪਿਆਇਆਂ ਜ਼ਹਿਰ ਵਧਣ ਵਾਲੀ ਹੀ ਹੁੰਦੀ ਹੈ, 'ਮਹਾਨ ਵਿਦਵਤਾ' ਤਾਂ ਸਿਰਫ ਇਹਨਾਂ ਦੀ ਅਸਲ ਕੁਹੱਝ ਨੇਚਰ ਉੱਤੇ ਇਕ ਉਹਲਾ ਬਣਿਆ ਰਹਿ ਜਾਂਦੀ ਹੈ - ਏਸੇ ਤਰ੍ਹਾਂ ਜਿੱਥੇ ਕਈ ਅਸਲ ਕਲਾਕਾਰ ਕਵੀ 'ਮੀਸ਼ਾ' ਜੀ ਦੇ ਲਿਖਣ ਵਾਂਗ 'ਅੰਤਾਂ ਦੀ ਬਿਹਬਲਤਾ ਤੇ ਬੜਾ ਕੁਝ ਲੈ ਕੇ ਆਉਂਦੇ ਹਨ' (ਤੁਸਾਂ ਪੜ੍ਹਿਆਂ ਹੋਵੇਗਾ 'ਦਰਵਾਜ਼ਾ' ਵਿਚ) ਇਹਨਾਂ ਤੋਂ ਬਿਲਕੁਲ ਉਲਟ, ਕਈ ਪਖੰਡੀ ਕਲਾਕਾਰ "ਅੰਤਾਂ ਦਾ ਘਟੀਆ-ਪਨ, ਕੁਹੱਝਤਾ, ਤੇ ਹੋਛੇ ਸੰਸਕਾਰ" ਲੈ ਕੇ ਹੀ ਆਉਂਦੇ ਹਨ। ਇਹ ਜਿੱਥੇ ਅਮਲੀ ਜੀਵਨ ਵਿਚ ਆਪਣੇ ਮੂੜ੍ਹ ਹੰਕਾਰ, ਸਾਜ਼ਿਸ਼, ਤੰਗ-ਅਕਲੀ, ਤੇ ਈਰਖੀ ਸਾੜੇ ਆਦਿ ਕਾਰਨ ਗੁੱਝੇ ਨਹੀਂ ਰਹਿੰਦੇ, ਓਥੇ ਕਿੰਨਾ ਵੀ ਉਹ ਕਲਾ-ਸਾਹਿਤ ਦੇ ਲਿਬਾਦੇ ਓੜ੍ਹ ਲੈਣ, ਗੁੱਝੇ ਨਹੀਂ ਰਹਿ ਸਕਦੇ। ਐਸੇ ਭੱਦਰਾ ਨਾਲ ਮੈਨੂੰ ਵੀ ਚੰਗਾ ਕਰਾਰਾ, ਵਾਹ......ਤੇ ਹਾਂ ...ਜੀਵਨ ਤੇ ਕਲਾ ਬਾਰੇ ਖਲੂਸ ਤੇ ਵਿਸ਼ਾਲਤਾ ਇਹਨਾਂ ਵਿਚ ਦਸ ਜਨਮ ਤਕ ਵੀ ਨਹੀਂ ਆ ਸਕਦੀ ਭਾਵੇਂ ਕਿੰਨਾ ਵੀ ਕ੍ਰਿਲ੍ਹੀ ਜਾਣ। ਸੋ ਐਸੇ ਲੋਕਾਂ ਤੋਂ ਸਭ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ; ਕਿਉਂਕਿ ਇਹ ਲੋਕ ਓਸੇ ਘੋਰ ਮਾਨਸਿਕ ਰੋਗੀ ਤਬਕੇ ਵਿਚੋਂ ਹੁੰਦੇ ਹਨ ਜਿਨ੍ਹਾਂ ਨੂੰ ਕਦੇ ਵੀ ਕੋਈ ਚੰਗਾਈ ਪਚ ਨਹੀਂ ਸਕੀ।

? ਕਈ ਪੰਜਾਬੀ ਸਟੇਜ-ਕਵੀ ਚੰਗੇ ਵੀ ਹਨ, ਕੀ ਵਿਚਾਰ ਹੈ ?

—ਬੁਰਾਈ ਦੇ ਨਾਲ ਚੰਗਾਈ ਦੇ ਅਰਥ ਵੀ ਬੜੇ ਵਿਸ਼ਾਲ ਹਨ। ਸਟੇਜੀ ਕਵਿਤਾ ਬਾਰੇ ਕੁਝ ਆਖਣ ਦੀ ਲੋੜ ਹੀ ਨਹੀਂ, ਤੁਸੀਂ ਮੇਰੇ ਨਾਲੋਂ ਬਹੁਤਾ ਜਾਣਦੇ ਓ ਕਿ ਸਟੇਜੀ ਕਵਿਤਾ ਭਾਵੇਂ ਕਿੰਨੀ...ਵੀ ਹੋਵੇ, ਤੁਹਾਨੂੰ ਮੈਨੂੰ

ਜਾਂ ਹੋਰ ਸਾਡੇ ਜਹੇ ਅਨੇਕਾਂ ਸਿਰ-ਸੜਿਆਂ......ਨੂੰ ਕਿੰਨਾ-ਕੁ 'ਇਨਸਪਇਰ' ਕਰ ਸਕਦੀ ਹੈ—ਅਜਕਲ ਇਹ ਸੱਜਣ ਵੇਖ ਵੇਖੀ ਗ਼ਜ਼ਲ ਰਾਹੀਂ ਕਦਮ ਪੁੱਟ ਰਹੇ ਹਨ, ਪਰ ਤੁਸੀਂ ਜਾਣਦੇ ਓ, ਜਿਸ ਉਰਦੂ ਵੱਲ ਇਹ ਵੇਖ ਰਹੇ ਹਨ, ਉਹਦਾ ਹਜ਼ਾਰ ਗੁਣਾਂ ਵੀ ਨਹੀਂ—ਤੇ ਫਿਰ ਇਹ ਸੱਜਣ, ਕਵਿਤਾ ਕਲਾ ਤੇ ਸਾਹਿਤ ਦੀਆਂ ਨਵੀਨ ਢੂੰਡਾਂ, ਤਜਰਬਿਆਂ, ਸੱਟਾਂ, ਮਿਹਨਤਾਂ, ਤੇ ਵਿਚਾਰ ਦੀਆਂ ਨਵੀਨ ਕੋਮਲ ਕੀਮਤਾਂ ਆਦਿ ਵੱਲ ਤਾਂ ਆਉਂਦੇ ਹੀ ਨਹੀਂ, ਸਿਰਫ਼ ਕਵਿਤਾ ਦੇ ਮੀਟਰ ਤੇ ਬੇਮੀਟਰ ਹੋਣ ਦੀ ਨਿਰਮੂਲ ਬਹਿਸ ਵਿਚ ਹੀ ਉਲਝੇ ਰਹਿੰਦੇ ਹਨ—

ਐਪਰ ਜਿੱਥੇ ਸਟੇਜੀ ਕਵੀ ਸੱਜਣਾਂ ਦੀ ਸ਼ਖ਼ਸੀਅਤ ਤੇ ਜੀਵਨ-ਤਪੱਸਿਆ ਦਾ ਸਵਾਲ ਹੈ, ਇਹਨਾਂ ਵਿਚ ਵੀ ਹੇਠੋਂ ਉੱਪਰ ਵੱਲ ਬੜੀਆ ਸਟੇਜਾਂ ਹਨ—ਮੈਨੂੰ ਬਹੁਤੇ ਸਟੇਜ-ਕਵੀਆਂ ਉੱਤੇ ਏਹੋ ਵੱਡਾ ਇਤਰਾਜ਼ ਰਿਹਾ ਹੈ ਕਿ ਉਹ ਤਾਂ ਭਾਵੇਂ ਬਹੁਤ ਚੰਗੇ ਮਨੁੱਖ ਹੋਣਗੇ, ਪਰ ਜ਼ਿੰਦਗੀ ਦੇ ਵਿਸ਼ਾਲ ਤਜਰਬੇ ਤੇ ਕਵਿਤਾ ਕਲਾ ਦੇ ਮੈਦਾਨ ਵਿਚ ਏਨੇ ਜਿੱਦੜ ਕਿ ਫੱਕੜ...ਲੋਕਾਂ ਦੀ ਵਾਹਵਾ...ਦੇ ਚੱਕਰ ਵਿਚ "ਜਿੱਥੇ ਹਾਂ ਬਸ ਓਥੇ ਹੀ ਚੰਗੇ...ਵਾਹਵਾ"...ਦੇ ਪੱਕੇ ਕਿੱਲੇ ਗੱਡ ਬਹਿੰਦੇ ਹਨ, ਇਹ ਸਭ-ਕੁਝ ਭੁੱਲ ਕੇ ਅਗਾਂਹ ਮਿਹਨਤ ਕਰਨਾ ਨਹੀਂ ਚਾਹੁੰਦੇ, ਸਗੋਂ ਅਸਲੋਂ ਹਿੰਮਤ ਹੀ ਗੁਆ ਬਹਿੰਦੇ ਹਨ—ਫਿਰ ਵੀ ਸ: ਬਲੱਗਣ, ਸ਼ਰਫ਼, ਤੀਰ, ਚਾਤ੍ਰਿਕ, ਮੁਸਾਫਿਰ, ਮਾਨ, ਆਜ਼ਾਦ, ਨਿਰਅੰਜਣ ਅਵਤਾਰ, ਤੇ ਚਰਨ ਸਿੰਘ ਸਫ਼ਰੀ ਆਦਿ ਦੀ "ਜੀਵਨ ਤੇ ਮਾਨਸਿਕ ਚੰਗਿਆਈ" ਦੀ ਮੇਰੇ ਅੰਦਰ ਅਟੁੱਟ ਕਦਰ ਹੈ।

? ਸਾਹਿਤ ਵਿਚ ਪ੍ਰਯੋਗ, ਪ੍ਰਗਤੀ ਤੇ ਕ੍ਰਾਂਤੀ ਵਾਲੀਆਂ ਧਾਰਾਵਾਂ ਬਾਰੇ ਆਪਣੀ ਰਾਏ ਦਿਓ।

—ਸਾਹਿਤ ਵਿਚ 'ਪ੍ਰਯੋਗ' ਕੋਈ ਨਵੀਂ ਗੱਲ ਨਹੀਂ। ਅਜ ਕਲ ਇਸ ਸ਼ਬਦ ਉੱਤੇ ਬਹੁਤ ਵਿਵਾਦ ਚਲ ਰਿਹਾ ਹੈ, ਚੱਲ ਵੀ ਚੁੱਕਾ ਹੈ, ਕੁਝ ਚੰਗਾ ਤੇ ਕੁਝ ਬਿਲਕੁਲ ਬੇਥਵਾ ਤੇ ਵਾਧੂ ਝਗੜਾ। ਪ੍ਰਯੋਗ ਦੀ ਅਵਸਥਾ ਤੋਂ ਹਰ ਕਲਾਕਾਰ ਨੂੰ ਕਿਸੇ ਨਾ ਕਿਸੇ ਰੂਪ ਵਿਚ ਲੰਘਣਾ ਹੀ ਪੈਂਦਾ ਹੈ—ਏਸੇ ਤੋਂ ਹੀ ਪ੍ਰਗਤੀ ਹੁੰਦੀ ਹੈ, ਪ੍ਰਯੋਗ ਬਿਨਾਂ ਪ੍ਰਗਤੀ ਦੇ ਕੀ ਅਰਥ? ਪਰ ਇਸ ਤਰ੍ਹਾਂ ਦਾ ਪ੍ਰਯੋਗ ਸਿਰਫ਼ 'ਮਨੋਰਥ' ਹੀ ਤਾਂ ਨਹੀਂ—

ਤੇ ਉਚ ਕਲਾ ਵਿਚ, ਜੀਵਨ ਸੰਬੰਧੀ ਕ੍ਰਾਂਤੀਕਾਰੀ ਤੱਤ ਵੀ ਅਵੱਸ਼ ਹੁੰਦੇ ਹਨ। ਪਰ ਮੇਰੀ ਜਾਚੇ ਜੇ ਸਿਰਫ਼ ਕ੍ਰਾਂਤੀਕਾਰੀ ਲਈ ਹੀ ਲਿਖਿਆ ਜਾਏ ਤਾਂ ਇਹ ਲਿਖਣ ਵਾਲੇ ਦੀ ਇੱਛਾ ਹੈ, ਕੌਣ ਰੋਕਦਾ ਹੈ? ਐਪਰ, ਕਵਿਤਾ ਜਾਂ ਸਾਹਿਤ ਵਿਚ ਇਸਦੀ ਵੀ ਕੋਈ ਹੱਦ ਹੈ। ਕਵਿਤਾ ਪ੍ਰਾਪੇਗੰਡੇ ਦੇ ਤੱਤ ਜ਼ਰੂਰ ਹੁੰਦੇ ਹਨ ਪਰ ਸਰਪਟ ਦੌੜਦੇ ਹੱਥ ਨਾ ਆਉਣ ਵਾਲੇ ਘੋੜੇ ਵਾਂਗ ਨਹੀਂ। ਸਾਹਿਤ, ਜੀਵਨ ਦਾ ਇਕ ਹੱਦ ਤਕ ਹੀ ਸੇਵਾਦਾਰ ਹੈ – ਸੋ ਇਸ ਵਿਚ ਕਲਾ ਦੇ ਬੁਨਿਆਦੀ ਮਾਲਕੀ ਤੱਤਾਂ ਨੂੰ ਮਾਰ ਦੇਣ ਦੀ ਗੁਸਤਾਖ਼ੀ ਪਰਵਾਨ ਨਹੀਂ ਕੀਤੀ ਜਾ ਸਕਦੀ।

? ਧਰਮਯੁਗ ਵਿਚ ਜਦੋਂ ਤੁਹਾਡੇ ਚਿਤਰ ਛਪੇ ਤਾਂ ਉਹਨਾਂ ਤੁਹਾਨੂੰ 'ਨਿਬੰਧਕਾਰ' ਵੀ ਲਿਖਿਆ ਹੈ – ਪਰ ਤੁਸਾਂ ਕਦੀ ਚਿਰ ਸਾਨੂੰ ਉਹਨਾਂ ਤੋਂ ਵਾਂਝਿਆਂ ਕਿਉਂ ਰਖਿਆ?

—'ਧਰਮਯੁਗ' ਦੀ ਗੱਲ ਛੇੜ ਕੇ ਤੁਸਾਂ ਮੇਰੇ ਨਿਜੀ ਜ਼ਖ਼ਮਾਂ ਉਤੇ ਉਂਗਲੀ ਰਖੀ ਹੈ,......ਸੱਚੀ ਗੱਲ ਇਹ ਹੈ ਕਿ ਪੰਜਾਬੀ ਰਸਾਲਿਆਂ ਦੇ ਮਾਲਿਕ ਵਧੇਰੇ ਕਰਕੇ (ਸਾਰੇ ਨਹੀਂ) ਦੁਕਾਨਦਾਰ ਸ਼੍ਰੇਣੀ ਦੇ ਤੇ ਈਰਖਾਲੂ ਸੁਭਾਅ ਦੇ ਹਨ, ਕੁਝ ਹਾਉਮੈ-ਗ੍ਰਸੇ ਵੀ, ਤੇ ਕੁਝ-ਕੁ ਜੱਟਲ ਗੁਟਬੰਦੀਆਂ ਵਿਚ ਜਕੜੇ ਹੋਏ ਵੀ ਹਨ, ਜੋ ਵਧੀਆ ਜਾਂ ਮਿਹਨਤੀ ਸਾਹਿਤ ਤੇ ਕਲਾ ਨੂੰ ਆਪਣੇ ਨੇੜੇ ਨਹੀਂ ਢੁਹਣ ਦੇਣਾ ਚਾਹੁੰਦੇ, ਆਪਣੇ ਤੋਂ ਨਾਵਾਕਫ਼, ਭਾਵੇਂ ਉਹ ਕਿੰਨਾ ਨਵੀਨ ਤੇ ਮਿਹਨਤ ਨਾਲ ਵੀ ਲਿਖਦਾ ਹੋਵੇ, ਉਹਦੀ ਲਿਖਤ ਨੂੰ ਧਿਆਨ ਨਾਲ ਪੜ੍ਹਨ ਦੀ ਰਤਾ ਵੀ ਖੇਚਲ ਨਹੀਂ ਕਰਦੇ। ਮੈਂ ਨਾਮ ਨਹੀਂ ਲੈਣਾ ਚਾਹੁੰਦਾ, ਬਹੁਤਿਆਂ ਨੇ ਤਾਂ ਮੇਰੀ ਕਲਾ ਤੇ ਲੇਖਾਂ ਨੂੰ ਛਾਪਣ ਤੋਂ ਇਨਕਾਰ ਕਰ ਦਿਤਾ, ਇਹ ਬਹਾਨਾ ਕਰਕੇ ਕਿ :—"ਇਹ ਲੋਕ-ਰੁਚੀ ਦੇ ਮੇਚੇ ਦੇ ਨਹੀਂ ਫੜਕਦੀ ਕਹਾਣੀ ਤੇ ਕਵਿਤਾ ਦਿਓ......"


ਕਈ ਸਾਲ ਹੋਏ, ਪੰਜਾਹ ਫੇਰੇ ਪਾਉਣ ਉਤੇ ਮੇਰਾ ਪਹਿਲਾ ਚਿੱਤਰ "ਪ੍ਰੀਤਮ" ਵਿਚ ਛਪਿਆ, ਪਰ ਉਹਨਾਂ ਨੇ ਨਿਬੰਧ ਨਹੀਂ ਛਾਪਿਆ! ਫਿਰ "ਕਵਿਤਾ" ਦੇ ਸੁਯੋਗ ਐਡੀਟਰ "ਬਲੱਗਣ" ਸਾਹਿਬ ਨੇ ਹਿੰਮਤ ਕੀਤੀ, ਤੇ ਬੇਹੱਦ


ਖੁਸ਼ੀ ਨਾਲ "ਦ੍ਰਿਸ਼ਟੀ" ਦੇ ਸੂਝਵਾਨ ਐਡੀਟਰ ਨੇ ਨਿਬੰਧ ਛਾਪਿਆ ਹੈ ਚਿੱਤਰ ਸਣੇ, ਦੇਖਣਾ ਦ੍ਰਿਸ਼ਟੀ, ਸਤੰਬਰ 73, ਹੋਰ ਚਿੱਤਰ ਤੇ ਕਵਿਤਾਵਾਂ ਤਾਂ ਇਸ ਮਾਨਯੋਗ ਐਡੀਟਰ ਨੇ ਕਈ ਛਾਪੀਆਂ ਹਨ ।


ਇਸ ਤੋਂ ਇਲਾਵਾ, ਪੰਜਾਬੀ ਦੇ ਕਈ ਰਿਸਾਲਿਆਂ ਵਾਲੇ ਤਾਂ ਜ਼ਰੂਰੀ ਚਿੱਠੀ ਦਾ ਵੀ ਉੱਤਰ ਨਹੀਂ ਦੇਂਦੇ ਸਨ । ਇਹਨਾਂ ਤੋਂ ਤਾਂ ਹਿੰਦੀ ਦੇ ਸਭ ਤੋਂ ਚੋਟੀ ਦੇ 'ਧਰਮਯੁਗ' ਤੇ 'ਦਿਨਮਾਨ' ਆਦਿ ਹੀ ਚੰਗੇ ਰਹੇ, ਜਿਨ੍ਹਾਂ ਮੇਰੇ ਸਾਹਿਤ ਕਲਾ ਦਾ ਵਧ ਚੜ੍ਹ ਕੇ ਮੁੱਲ ਪਾਇਆ ਹੈ। 'ਧਰਮਯੁਗ' ਵਿਚ ਮੇਰੇ ਚਾਰ ਚਿੱਤਰ (ਸਾਹਿਤ ਸਣੇ) ਤੇ 'ਦਿਨਮਾਨ' ਵਿਚ ਦੋ ਛਪ ਚੁਕੇ ਹਨ ਤੇ ਹੋਰ ਛਾਪਣ ਲਈ ਉਹ ਮੰਗ ਰਹੇ ਹਨ, ਹਾਲਾਂਕਿ ਇਹਨਾਂ ਦੇ ਮਾਨਯੋਗ ਐਡੀਟਰਾਂ ਦੀ ਮੈਂ ਸ਼ਕਲ ਤਕ ਨਹੀਂ ਦੇਖੀ ।

? ਤੁਸਾਂ ਏਨੀ ਉਮਰ ਵਿਚ ਆਪਣੀਆਂ ਕਵਿਤਾਵਾਂ ਲੇਖਾਂ ਦੀਆਂ ਪੁਸਤਕਾ 'ਦਰਵਾਜ਼ਾ' ਤੇ 'ਮੌਤ ਕਿ ਜ਼ਿੰਦਗੀ' ਦਿਤੀਆਂ ਨੇ । ਏਨੀ ਦੇਰੀ ਦਾ ਕਾਰਨ ?

— ਇਹ ਪ੍ਰਸ਼ਨ ਵੀ ਮੇਰੇ ਅੰਦਰਲੇ ਜ਼ਖਮਾਂ ਨੂੰ ਛੂੰਹਦਾ ਹੈ । ਇਸ ਦੇਰੀ ਦਾ ਕਾਰਨ ਮੇਰੀ ਏਸ ਛਪੀ ਪੁਸਤਕ 'ਦਰਵਾਜ਼ਾ' ਵਿਚ ਸੁਜਾਨ ਸਿੰਘ ਜੀ ਵਲੋਂ ਵੀ ਕਿਸੇ ਹੱਦ ਤਕ ਦਸਿਆ ਗਿਆ ਹੈ, ਪੜ੍ਹਨ ਦੀ ਖੇਚਲ ਕਰਨੀ, ਉਹਨਾਂ ਦਾ ਲੇਖ ਹੈ :—'ਕੁਝ ਯਾਦਾਂ ਕੁਝ ਗੱਲਾਂ' ਇਹ ਉਹਨਾ ਦਾ ਬੜਾ ਹੀ ਵਾਕਫੀ-ਭਰਪੂਰ ਸਾਹਿਤਕ ਲੇਖ ਹੈ, ਇਸ ਵਿਚ ਇਕ ਖਾਸ ਥਾਂ ਦਸਿਆ ਗਿਆ ਹੈ : —'ਦੇਰੀ ਕਿਉਂ ?' ਮੁਖਬੰਧ ਵਿਚ ਡਾ: ਰੰਧਾਵਾ ਜੀ ਨੇ ਵੀ ਥੋੜਾ ਕੁ ਇਸ਼ਾਰਾ ਕੀਤਾ ਹੈ, ਤੇ ਇਸੇ ਪੁਸਤਕ ਵਿਚ 'ਮੌਤ ਕਿ ਜ਼ਿੰਦਗੀ' ਵਾਲੀ ਕਵਿਤਾ ਦੇ ਅੰਤ ਵਿਚ, ਤੇ ਏਸੇ ਪੁਸਤਕ ਦੇ ਅਖੀਰ ਸਮਰ-ਪਨ ਦੇ ਰੂਪ ਵਿਚ ਮੇਰਾ ਇਕ ਖਾਸ ਲੇਖ ਹੈ :—"ਚਿੱਠੀ ਉਸਨੂੰ ਇਹ ਪੁਸਤਕ ਜਿਸਨੂੰ'— ਤੇ "ਮੌਤ ਕਿ ਜ਼ਿੰਦਗੀ" ਪੁਸਤਕ ਵਿਚ "ਕੀ ਤੇ ਕਿਓਂ ?' ਪਹਿਲੇ ਆਪਣੇ ਲੇਖ ਵਿਚ "ਕਿਸ ਵਲੋਂ" ਪੜ੍ਹਨ ਲਈ ਖਾਸ ਖੇਚਲ ਕਰਨੀ । ਬਹੁਤ ਬਹੁਤ ਧੰਨਵਾਦ ।







ਪੰ: ਵਿਸ਼ਨੂ ਦਿਗੰਬਰ ਪੁਲਸਕਰ

ਪ੍ਰੋ: ਜੋਗਿੰਦਰ ਬਾਵਰਾ

ਭਾਰਤ ਦੇ ਮਹਾਨ ਸੰਗੀਤਕਾਰ ਪੰਡਤ ਵਿਸ਼ਨੂੰ ਦਿਗੰਬਰ ਪੁਲਸਕਰ, ਜਿਹਨਾਂ ਦਾ ਜਨਮ ਅਤੇ ਨਿਧਨ ਅਗਸਤ ਮਹੀਨੇ ਵਿਚ ਹੋਇਆ, ਦੀ ਯਾਦ ਨੂੰ ਸਮਰਪਤ।)

ਅਗਸਤ ਅੰਗਰੇਜ਼ੀ ਮਹੀਨਾ ਹੈ ਜਿਸ ਦਾ ਸ਼ਬਦਾਰਥ ਹੈ—ਵੱਡਾ। ਸ਼ਾਇਦ ਇਸੇ ਲਈ ਇਕ ਵੱਡਾ ਸੰਗੀਤਕਾਰ ਇਸੇ ਮਹੀਨੇ ਵਿਚ ਸੰਸਾਰ ਵਿਚ ਆਇਆ। ਆਪ ਜੀ ਦਾ ਜਨਮ ਮਹਾਰਾਸ਼ਟਰ ਦੇ ਇਕ ਕੀਰਤਨਕਾਰ ਦੇ ਘਰ 18 ਅਗਸਤ 1872 ਨੂੰ ਹੋਇਆ। ਆਪ ਜੀ ਦੇ ਪਿਤਾ ਸ੍ਰੀ ਦਿਗੰਬਰ ਪੰਤ ਖਾਨਦਾਨੀ ਕੀਰਤਨਕਾਰ ਸਨ। ਕਰੰਦਵਾੜ ਨਾਮਕ ਰਿਆਸਤ ਦੇ ਮੰਨੇ ਪਰਮੰਨੇ ਵਿਅਕਤੀ ਸਨ। ਬਾਲਕਾਂ ਨੂੰ ਖੇਡਨ ਦਾ ਸ਼ੌਕ ਤਾਂ ਹੁੰਦਾ ਹੀ ਹੈ ਪਰ ਦੀਵਾਲੀ ਨੂੰ ਪਟਾਖੇ ਚਲਾਉਣ ਲਈ ਵਡਿਆਂ ਦਾ ਦਿਲ ਵੀ ਕਰ ਆਉਂਦਾ ਹੈ। ਪਰ ਵਿਸ਼ਨੂੰ ਤਾਂ ਹਾਲੇ ਕੇਵਲ 12 ਗਰਮੀਆਂ ਹੀ ਝਾਗਿਆ ਸੀ ਕਿ ਦੀਵਾਲੀ ਦਾ ਸ਼ੁਭ ਅਵਸਰ ਉਸ ਦੀਆਂ ਅੱਖਾਂ ਲੈ ਬੈਠਾ। ਨਤੀਜੇ ਵਜੋਂ ਸਕੂਲ ਦੀ ਪੜ੍ਹਾਈ ਬੰਦ ਹੋ ਗਈ। ਅਜ ਕਲ ਤਾਂ ਅੰਧ ਵਿਦਿਆ ਨੇ ਕਾਫੀ ਉਨਤੀ ਕਰ ਗਏ ਹਨ, ਨੇਤਰਹੀਨ ਪੜ੍ਹੇ ਲਿਖੇ ਹੋ ਗਏ ਹਨ। ਵਡੀਆਂ ਵਡੀਆਂ ਡਿਗਰੀਆਂ ਦੇ ਧਾਰਨੀ ਹੋ ਗਏ ਹਨ। ਪਰ ਇਹ ਗਲ ਹੁਣ ਦੀ ਨਹੀਂ ਸਗੋਂ 92 ਸਾਲ ਪੁਰਾਣੀ ਹੈ।

ਹੁਣ ਬਿਨਾ ਕੀਰਤਨ ਦੇ ਕੰਮ ਤੋਂ ਉਹ ਕੁਝ ਕਰਨ-ਯੋਗ ਨਾ ਰਹੇ। ਪਿਤਾ ਜੀ ਨੇ ਮਹਾਰਾਸ਼ਟਰ ਦੇ ਪ੍ਰਸਿਧ ਗਾਇਕ ਪੰ: ਬਾਲਕ੍ਰਿਸ਼ਨ ਇਚਲਕਰੰਜੀਕਰ ਪਾਸ ਸੰਗੀਤ ਸਿਖਿਆ ਲਈ ਭੇਜ ਦਿਤਾ। ਸ੍ਰੀ ਬਾਲਕ੍ਰਿਸ਼ਨ ਕੁਝ ਚਿਰ ਬਾਅਦ ਮਿਰਜ ਪੁਜ ਗਏ ਤੇ ਵਿਸ਼ਨੂੰ ਦਿਗੰਬਰ ਵੀ ਨਾਲ ਚਲੇ ਗਏ। ਕਈ ਸਾਲ ਸੰਗੀਤ ਸਿਖਿਆ ਤੇ ਅਭਿਆਸ ਚਲਦਾ ਰਿਹਾ। ਬੜੀ ਲਗਨ ਨਾਲ ਗੁਰੂ ਜੀ ਸਿਖਾਉਂਦੇ ਤੇ ਸ਼ਾਗਿਰਦ ਤਪਸਿਆ ਕਰਦਾ। ਤਕਰੀਬਨ ਰੋਜ਼ ਦਸ



ਲੇਖਕ :

ਘੰਟੇ ਉਹ ਆਪਣਾ ਸਮਾਂ ਅਭਿਆਸ ਵਿਚ ਬਿਤਾਉਂਦੇ। ਰਾਤ ਨੂੰ ਅਭਿਆਸ ਕਰਨ ਵੇਲੇ ਅਪਣੀ ਬੋਦੀ ਰੱਸੀ ਦੁਆਰਾ ਖੂੰਟੀ ਨਾਲ ਬਨ੍ਹ ਲੈਂਦੇ ਤਾਂ ਕਿ ਨੀਂਦ ਨਾ ਆਵੇ। ਮੋਟੀ ਗੱਲ ਇਹ ਕਿ ਉਹ ਦਿਨ ਰਾਤ ਗੁਰੂ ਦੀ ਸੇਵਾ ਸਿਖਸ਼ਾ ਅਤੇ ਅਭਿਆਸ ਵਿਚ ਲਗੇ ਰਹਿੰਦੇ।

ਸਾਰੇ ਪੰਜਾਬ ਨੂੰ ਪਤਾ ਹੈ ਕਿ 1947 ਤੋਂ ਪਹਿਲਾਂ ਸੰਗੀਤ ਨੂੰ ਲੋਕ ਚੰਗੀ ਨਜ਼ਰ ਨਾਲ ਨਹੀਂ ਸਨ ਵੇਖਦੇ। ਭਾਵੇਂ ਜਨਮ, ਸ਼ਾਦੀ ਆਦਿ ਅਵਸਰਾਂ ਤੇ ਕੰਜਰੀਆਂ ਦਾ ਮੁਜਰਾ ਕਰਵਾਉਣ ਵਿਚ ਉਹ ਆਪਣੀ ਸ਼ਾਨ ਸਮਝਦੇ ਸਨ ਪਰ ਜੇ ਉਹਨਾਂ ਦਾ ਮੁੰਡਾ ਗਲਤੀ ਨਾਲ ਅਲਗੋਜ਼ਾ, ਮੁਰਲੀ, ਵਾਜਾ ਜਾਂ ਕੋਈ ਹੋਰ ਗਾਣਾ ਜਾਂ ਡਰਾਮਾ ਆਦਿ ਵਿਚ ਭਾਗ ਲੈਣਾ ਚਾਹੁੰਦਾ ਸੀ ਤਾਂ ਉਸ ਦੀ ਬੜੀ ਨਖੇਧੀ ਕਰਨ ਤੋਂ ਛੁਟ ਉਸ ਦੀ ਪਿਟਾਈ ਵੀ ਹੁੰਦੀ। ਭਾਵੇਂ ਸੰਗੀਤ

ਸਾਰਿਆਂ ਨੂੰ ਚੰਗਾ ਲਗਦਾ ਸੀ। ਪਤਾ ਨਹੀਂ ਉਹ ਪਸੰਦ ਕਿਉਂ ਨਹੀਂ ਸਨ ਕਰਦੇ ? ਮੰਦਰਾਂ, ਗੁਰਦੁਆਰਿਆਂ ਵਿਚ ਕੀਰਤਨ ਸੁਣਦੇ, ਇਨਾਮ ਵੀ ਦਿੰਦੇ ਪਰ ਇਸ ਕਿੱਤੇ ਨੂੰ ਮਰਾਸੀਆਂ ਦਾ ਕੰਮ ਕਹਿੰਦੇ । ਹੁਣ ਵੀ ਬੜੇ ਕਲਾਕਾਰ ਜੀਉਂਦੇ ਹਨ ਜਿਹਨਾਂ ਨੂੰ ਇਸ ਦਸ਼ਾ ਵਿਚੋਂ ਲੰਘਣਾ ਪਿਆ ਸੀ। ਪ੍ਰਸਿਧ ਫ਼ਿਲਮ ਅਭੀਨੇਤਰੀ ਅਚਲਾ ਸਚਦੇਵ ਨੌਸ਼ਾਦ, ਜੈਦੇਵ, ਨਾਲ ਵੀ ਕੁਝ ਅਜਿਹਾ ਹੀ ਹੋਇਆ ਸੀ। ਇਹ ਗਲ ਪੰਜਾਬ ਵਿਚ ਹੀ ਨਹੀਂ ਸਗੋਂ ਸਾਰੇ ਭਾਰਤ ਵਿਚ ਹੀ ਸੀ।

ਸੰਗੀਤ ਸਿਖਿਆ ਸਮਾਪਤ ਕਰਨ ਤੋਂ ਪਿਛੋਂ ਉਹ ਮਹਾਰਾਸ਼ਟਰ ਦੇ ਨਿਕੇ ਮੋਟੇ ਸ਼ਹਿਰਾਂ ਵਿਚ ਰੋਜ਼ੀ ਲਈ ਘੁਮਣ ਲਗੇ। ਉਹਨਾਂ ਅਨੁਭਵ ਕੀਤਾ ਕਿ ਸੰਗੀਤਕਾਰ ਸਮਾਜ ਵਿਚ ਸਨਮਾਨਿਤ ਨਹੀਂ। ਇਕ ਵਾਰੀ ਕਿਸੇ ਸਭਾ ਵਿਚ ਉਹਨਾਂ ਦੇ ਗੁਰੂ ਬਾਲ ਕ੍ਰਿਸ਼ਨ ਜੀ ਨੂੰ ਨਾ ਬੁਲਾਇਆ ਗਿਆ ਉਸ ਨੇ ਕਾਰਨ ਪੁਛਿਆ ਉੱਤਰ ਸੁਣ ਕੇ ਉਹਨਾਂ ਨੂੰ ਬੜਾ ਦੁਖ ਹੋਇਆ। ਉੱਤਰ ਸੀ "ਰੂਹ ਤਾਂ ਇਕ ਗਵੀਆ ਹਨ।' ਉਹਨਾਂ ਨੇ ਪ੍ਰਣ ਕੀਤਾ ਕਿ "ਜਦ ਤਕ ਮੈਂ ਸੰਗੀਤ ਦਾ ਸੰਮਾਨਿਤ ਕੁਟੰਬਾਂ ਵਿਚ ਆਦਰ ਨਹੀਂ ਕਰਵਾ ਦਿਆਂਗਾ ਚੈਨ ਨਾਲ ਨਹੀਂ ਬੈਠਾਂਗਾ"। ਇਸ ਪਰਤਿਗਿਆ ਨੂੰ ਪੂਰਾ ਕਰਨ ਲਈ ਉਹਨਾਂ ਨੇ ਖੋਜ ਸ਼ੁਰੂ ਕੀਤੀ ਉਸ ਕਾਰਨ ਦੀ, ਜਿਸ ਕਾਰਨ ਲੋਕ ਸੰਗੀਤਕਾਰ ਤੋਂ ਨਫਰਤ ਕਰਦੇ ਸਨ। ਉਹ ਸਮਝ ਗਏ। ਉਹਨਾਂ ਨੇ ਸ਼ਿੰਗਾਰਕ ਗੀਤ ਦੇ ਬੋਲਾਂ ਦੀ ਥਾਂ ਭਗਤੀ ਰਸ ਦੇ ਗੀਤਾਂ ਨੂੰ ਸਥਾਨ ਦਿਤਾ। ਉਹਨਾਂ ਦੇ ਭਜਨ ਲੋਕਾਂ ਵਿਚ ਪ੍ਰਚਲਿਤ ਹੋਣ ਲਗੇ ਥਾਂ ਥਾਂ ਤੋਂ ਵਿਸ਼ਨੂੰ ਦਿਗੰਬਰ ਜੀ ਨੂੰ ਬੁਲਾਵੇ ਆਉਣ ਲਗੇ। ਉਹਨਾਂ ਦਾ ਹਰ ਪਾਸੇ ਸਨਮਾਨ ਹੋਣ ਲਗਾ। ਰਿਆਸਤਾਂ ਦੇ ਰਾਜੇ, ਆਮ ਜਨਤਾ ਦੇਸ਼ ਦੇ ਨੇਤਾਵਾਂ ਵਿਚ ਆਪ ਜੀ ਦਾ ਚਰਚਾ ਹੋ ਗਿਆ।

ਪੰਜਾਬ ਵਿਚ ਜਿਵੇਂ ਮੈਂ ਪਹਿਲੇ ਲਿਖ ਚੁਕਾ ਹਾਂ ਕਿ ਸੰਗੀਤ ਦੀ ਹਾਲਤ ਪਤਲੀ ਸੀ। ਪਰ ਫਿਰ ਵੀ ਉਹਨਾਂ ਨੂੰ ਕਿਸੇ ਨੇ ਸਲਾਹ ਦਿਤੀ ਸੀ ਕਿ ਉਹ ਲਾਹੌਰ ਵਿਚ ਅਪਣਾ ਕੇਂਦਰ ਬਨਾਉਣ। 5 ਮਈ 1901 ਨੂੰ ਉਹਨਾਂ 'ਗੰਧਰਵ ਸੰਗੀਤ ਮਹਾਵਿਦਿਆਲਾ ਖੋਲਿਆ। ਪਰ ਕਈ ਦਿਨਾਂ ਤਕ ਕਿਸੇ ਨੇ ਸੰਗੀਤ ਰੂਪੀ ਅੰਮ੍ਰਿਤ ਨੂੰ ਗ੍ਰਹਿਣ ਕਰਨ ਵਲ ਧਿਆਨ ਹੀ ਨਾ ਦਿਤਾ। ਕਰਦੇ ਵੀ ਕਿਉਂ ? ਇਸ ਨੂੰ ਤਾਂ ਕੰਜਰਾਂ, ਮਰਾਸੀਆਂ, ਡੂਮਾਂ ਜਾ ਹੋਰ ਨੀਵੀ ਜਾਤੀਆਂ ਦਾ ਦਿਤਾ ਸਮਝਦੇ ਸਨ। ਇਕ ਦਿਨ ਜਸਟਿਸ ਚੇਟਰਜੀ ਨੇ ਕਿਹਾ "ਮੈਂ ਤਾਂ ਤੁਹਾਨੂੰ ਪਹਿਲੇ ਹੀ ਕਹਿੰਦਾ ਸੀ ਕਿ ਇਹ ਸ਼ਹਿਰ ਸੰਗੀਤ ਵਿਦਿਆਲਾ ਦੇ ਯੋਗ ਨਹੀਂ ਪੰਜਾਬੀ ਲੋਕ ਸੰਗੀਤ ਦੀ ਕਦਰ ਨਹੀਂ ਜਾਣਦੇ।" ਪਰ ਪੰਡਿਤ ਜੀ ਨੇ ਉੱਤਰ ਦਿਤਾ" ਸਾਹਿਬ, ਮੈਂ ਤਾਂ ਇਥੇ ਹੀ ਰਵਾਂਗਾ, ਕੋਈ ਆਵੇ ਭਾਵੇਂ ਕੋਈ ਨਾ ਆਵੇ, ਮੈਨੂੰ ਕੋਈ ਪਰਵਾਹ ਨਹੀਂ, ਹੋਰ ਕੁਝ ਨਹੀਂ ਤਾਂ ਮੇਰਾ ਤਾਨਪੂਰਾ ਤਾਂ ਮੇਰਾ ਸਾਥੀ ਹੈ, ਮੈਂ ਆਪਣੀ ਸਾਧਨਾ ਜਾਰੀ ਰੱਖਾਂਗਾ।" ਇਹ ਸੁਣ ਕੇ ਜਸਟਿਸ ਬੜਾ ਪਰਭਾਵਿਤ ਹੋਇਆ ਤੇ ਅਗਲੇ ਹੀ ਦਿਨ ਤੋਂ ਵਿਦਿਆਰਥੀ ਟਪਕਣੇ ਸ਼ੁਰੂ ਹੋ ਗਏ। ਮਹੀਨਿਆਂ ਵਿਚ ਹੀ ਇਕ ਚੰਗਾ ਸਕੂਲ ਬਣ ਗਿਆ। ਵਿਦਿਆਰਥੀਆਂ ਦੀ ਗਿਣਤੀ 100 ਤੋਂ ਵੀ ਵਧ ਗਈ। ਭਾਵੇਂ ਪੰਜਾਬ ਵਿ ਸੰਗੀਤ ਦਾ ਆਦਰ ਘੱਟ ਸੀ ਪਰ ਪੰਜਾਬ ਨੇ ਪੰਡਿਤ ਜੀ ਨੂੰ ਅਤੇ ਪੰਡਿਤ ਜੀ ਨੇ ਪੰਜਾਬ ਨੂੰ ਮਿਲਵਰਤਨ ਦੇ ਕੇ ਦੋਨਾਂ ਦਾ ਸਮਾਨ ਕਰਵਾਇਆ। ਪੰਡਿਤ ਜੀ ਬਾਹਰ ਦੌਰਿਆਂ ਤੇ ਜਾਂਦੇ ਜੋ ਵੀ ਧਨ ਪ੍ਰਾਪਤ ਹੁੰਦਾ ਵਿਦਿਆਰਥੀਆਂ ਉਪਰ ਖਰਚ ਕਰ ਦਿੰਦੇ। 1908 ਵਿਚ ਉਹਨਾਂ ਨੇ ਬੰਬਈ ਵਿਚ ਵੀ ਲਾਹੌਰ ਦੀ ਤਰਜ਼ ਦਾ ਵਿਦਿਆਲਾ ਖੋਲਿਆ ਪਰ ਲਾਹੌਰ ਜਿੰਨੀ ਸਫਲਤਾ ਨਹੀਂ ਸੀ ਮਿਲੀ।

ਆਪ ਜੀ ਨੇ ਕਈ ਸ਼ਾਗਿਰਦ ਤਿਆਰ ਕੀਤੇ। ਪੰਡਤ ਓਂਕਾਰ ਨਾਥ 'ਸੰਗੀਤ ਮਾਰਤੰਡ', ਸ੍ਰੀ ਨਾਰਾਇਣ ਰਾਉ ਵਿਆਸ, ਵਿਨਾਇਕ ਰਾਵ ਪਟਵਰਧਨ, ਸ੍ਰੀ ਦੇਵਧਰ, ਬਾਮਨ ਰਾਵ, ਸ੍ਰੀ ਅਠਾਵਲੇ ਆਦਿ ਸੰਗੀਤਕਾਰਾਂ ਤੋਂ ਛੁਟ ਕਈ ਅਧਿਆਪਕ ਤੇ ਕਈ ਘੱਟ ਪ੍ਰਸਿਧ ਕਲਾਕਾਰ ਪੈਦਾ ਕੀਤੇ। ਅਨੇਕਾਂ ਪੁਸਤਕਾਂ ਲਿਖੀਆਂ। ਉਕਾੜਾ ਜ਼ਿਲਾ ਮਿੰਟਗੁਮਰੀ ਵਿਚ ਆਪ ਜੀ ਦੀ ਭੇਂਟ ਇਕ ਵਿਦੇਸੀ ਸੰਗੀਤਕਾਰ ਨਾਲ ਹੋਈ। ਉਸ ਤੋਂ ਆਪ ਜੀ ਨੂੰ ਸਵਰਲਿਪਿ ਦੀ ਪ੍ਰੇਰਣਾ ਪ੍ਰਾਪਤ ਹੋਈ। ਆਪ ਨੇ ਅੰਗਰੇਜ਼ੀ ਸਟਾਈਲ ਤੇ ਤਿੰਨ ਲਾਈਨਾਂ ਦੀ ਸੁਰ ਲਿਪੀ ਬਣਾਈ। ਬਾਅਦ ਵਿਚ ਉਸ ਵਿਚ ਕਈ ਤਬਦੀਲੀਆਂ ਹੋ ਚੁਕੀਆਂ ਹਨ। ਇਸ ਸੁਰਲਿਪੀ ਨੂੰ ਵਿਸ਼ਨੂੰ ਦਿਗੰਬਰ ਨੋਟੇਸ਼ਨ ਕਿਹਾ ਜਾਂਦਾ ਹੈ।

ਭਗਤੀ ਰਸ ਦੇ ਗੀਤਾਂ ਦੇ ਨਾਲ ਨਾਲ ਆਪ ਕੌਮੀ ਭਾਵਨਾ ਦੇ ਗੀਤ ਵੀ ਪੇਸ਼ ਕਰਦੇ ਸਨ । ਕਾਂਗਰਸ ਦੇ ਵਾਰਸ਼ਿਕ ਸੰਮੇਲਨ ਵਿਚ ਆਪ ਜੀ ਨੂੰ ਵਿਸ਼ੇਸ਼ ਤੌਰ ਤੇ ਬੁਲਾਇਆ ਜਾਂਦਾ ਆਪ ਆਪਣੀ ਸ਼ਿਸ਼ ਮੰਡਲੀ ਨਾਲ ਬੰਦੇ ਮਾਤਰਮ ਤੇ ਹੋਰ ਦੇਸ਼ ਭਗਤੀ ਦੇ ਗੀਤ ਗਾਂਦੇ। "ਰਘੂ ਪਤੀ ਰਾਘਵ ਰਾਜਾ ਰਾਮ, ਪਤਿਤ ਪਾਵਨ ਸੀਤਾ ਰਾਮ" ਕੀਰਤਨ ਜਿਸ ਨੂੰ ਰਾਮ ਧੁੰਨ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ ਆਪ ਜੀ ਦੀ ਹੀ ਦੇਣ ਹੈ । ਮਹਾਤਮਾ ਗਾਂਧੀ ਰਾਸ਼ਟਰ ਪਿਤਾ ਨੂੰ ਇਹ ਬਹੁਤ ਪਸੰਦ ਸੀ । ਉਹ ਇਸ ਦਾ ਹੀ ਕੀਰਤਨ ਕਰਦੇ ਸਨ । 'ਗੰਧਰਵ ਮਹਾਂ ਵਿਦਿਆਲਯ ਮੰਡਲ' ਜੋ ਆਪ ਦੁਆਰਾ ਸਥਾਪਿਤ ਕੀਤਾ ਗਿਆ ਸੀ ਅਜ ਕਲ ਇਕ ਮਹਾਨ ਸੰਗੀਤ ਸੰਸਥਾ ਬਣ ਗਿਆ ਹੈ । ਇਸ ਦੁਆਰਾ ਸੰਗੀਤ ਦੀਆਂ ਪ੍ਰੀਖਿਆਵਾਂ ਲੈ ਕੇ ਡਿਗਰੀਆਂ ਦਿਤੀਆਂ ਜਾਂਦੀਆਂ ਹਨ । ਛੋਟੀ ਡਿਗਰੀ 'ਸੰਗੀਤ ਵਿਸ਼ਾਰਦ ਜਿਸ ਨੂੰ B. Music ਕਿਹਾ ਜਾਂਦਾ ਹੈ ਪੰਜ ਸਾਲ ਦਾ ਕੋਰਸ ਹੈ । ਸਤ ਸਾਲ ਬਾਅਦ ਸੰਗੀਤ ਅਲੰਕਾਰ M. Mus ਤੇ ਇਸ ਤੋਂ ਬਾਅਦ ਸੰਗੀਤ ਪ੍ਰਵੀਣ ਜਿਸ ਨੂੰ D. Mus. ਕਿਹਾ ਜਾਂਦਾ ਹੈ ਦੂਸਰੇ ਸਬਦਾਂ ਵਿਚ ਇਸ ਨੂੰ ਪੀ. ਐਚ. ਡੀ. ਕਹਿੰਦੇ ਹਾਂ ।

ਸੰਗੀਤ ਦੀ ਸਾਧਨਾ ਕਰਨਾ ਹਰੇਕ ਦੇ ਵਸ ਦਾ ਰੋਗ ਨਹੀਂ । ਕੇਵਲ ਡਿਗਰੀ ਪ੍ਰਾਪਤ ਕਰ ਲੈਣ ਨਾਲ ਸੰਗੀਤਕਾਰ ਨਹੀਂ ਬਣਿਆ ਜਾ ਸਕਦਾ । ਪੰਜਾਬ ਵਿਚ ਸੰਗੀਤ ਦਾ ਪ੍ਰਚਾਰ ਬਹੁਤ ਹੋ ਗਿਆ ਹੈ ਪਰ ਸੰਗੀਤਕਾਰ ਨਾ ਦੇ ਬਰਾਬਰ । ਤੂੰਬੀ ਨਾਲ, ਬੇਸੁਰੇ ਤੇ ਅਸ਼ਲੀਲ ਗੀਤ ਗਾਨਾ ਜਾਂ ਫਿਲਮੀ ਤਰਜ਼ਾਂ ਤੇ ਮਾਤਾ ਦੀਆਂ ਭੇਟਾਂ ਗਾਣਾ, ਜਾਂ ਹੋਰ ਹਲਕੇ ਫੁਲਕੇ ਗੀਤ ਗਾ ਦੇਣਾ ਸੰਗੀਤ ਨਹੀਂ । ਅਜੇਹੇ ਗਾਨ ਵਾਲਿਆਂ ਦੀ ਗਿਣਤੀ ਪੰਜਾਬ ਵਿਚ ਬਹੁਤ ਹੈ । ਪਰ ਫਿਰ ਵੀ ਉਹਨਾਂ ਨੂੰ ਸੰਗੀਤਕਾਰ ਨਹੀਂ ਕਿਹਾ ਜਾ ਸਕਦਾ । ਭਾਵੇਂ ਉਹ ਬੇਸੁਰੇ ਲੋਕ ਆਪਣੇ ਆਪ ਨੂੰ 'ਕਲਾਕਾਰ' ਬੜੇ ਮਾਨ ਨਾਲ ਕਹਿੰਦੇ ਹਨ । ਇਹ ਉਹਨਾਂ ਦੀ ਅਗਿਆਨਤਾ ਹੈ । ਬੁਲ੍ਹੇਸ਼ਾਹ ਦਾ ਦੋਹਾ ਯਾਦ ਆ ਗਿਆ ਜੋ ਉਹਨਾਂ ਲਈ ਬੜਾ ਢੁਕਵਾਂ ਹੈ :—

ਬੁਲ੍ਹਿਆ ਪੈਂਡੇ ਪੜੇ ਪਰੇਮ ਕੇ ਕੀਆ ਪੈਂਡਾ ਆਵਾਗੋਣ ।
ਅੰਧੇ ਕੋ ਅੰਧਾ ਮਿਲ ਗਿਆ ਰਾਹ ਬਤਾਵੇ ਕੌਣ ॥

ਕਈ ਸੰਗੀਤ ਦੀ ਐਮ. ਏ. ਦੀ ਡਿਗਰੀ ਲਈ ਫਿਰਦੇ ਹਨ ਪਰ ਆਪਣਾ ਸਾਜ ਸੁਰ ਨਹੀਂ ਕਰ ਸਕਦੇ । ਪੰਜਾਬ, ਗੁਰੂ ਨਾਨਕ ਦੇਵ ਜਾਂ ਕਿਸੇ ਹੋਰ ਯੂਨੀਵਰਸਿਟੀ ਦੇ ਕੋਰਸ ਨੂੰ ਯਾਦ ਕਰ ਕੇ ਡਿਗਰੀ ਲਈ ਜਾ ਸਕਦੀ ਹੈ ਪਰ ਇਹ ਕੋਈ ਗਰੰਟੀ ਨਹੀਂ ਕਿ ਉਹ ਡਿਗਰੀ ਤੁਹਾਨੂੰ ਸੰਗੀਤਕਾਰ ਬਣਾ ਦੇਵੇਗੀ । ਹਾਂ—ਨੌਕਰੀ ਲਈ ਜ਼ਰੂਰ ਕੰਮ ਆਵੇਗੀ । ਸੰਗੀਤਕਾਰ ਬਨਣ ਲਈ ਪੰਡਿਤ ਵਿਸ਼ਨੂੰ ਦਿਗੰਬਰ ਵਾਂਗ ਹੀ ਸਾਧਨਾ ਕਰਨੀ ਪਵੇਗੀ ਮਿਹਨਤ ਨਾਲ ਹੀ ਓਂਕਾਰ ਨਾਥ, ਗੁਲਾਮ ਅਲੀ ਤੇ ਭੀਮ ਸੈਨ ਜੋਸ਼ੀ, ਫੈਆਜ਼ ਖਾਂ ਆਦਿ ਕਲਾਕਾਰ ਬਣੇ ।

ਅਗਸਤ ਵਿਚ ਹੀ ਜਨਮ ਲਿਆ । ਸਾਰੀ ਆਯੂ ਸੰਗੀਤ ਦੀ ਸਾਧਨਾ ਅਤੇ ਸੇਵਾ ਕੀਤੀ । ਅਗਸਤ ਵਿਚ ਹੀ ਸੰਗੀਤ ਦਾ ਅਵਤਾਰ ਰਾਮਧੁੰਨ ਵਿਚ ਲੀਨ ਪ੍ਰਭੂ ਚਰਨਾ ਵਿਚ ਲੀਨ ਹੋ ਗਿਆ ਕੇਵਲ ਮਿਤੀ ਤੇ ਸੰਨ ਬਦਲ ਗਏ ਸਨ । 21 ਅਗਸਤ 1931 ਨੂੰ ਆਪ ਜੀ ਦੀ ਜੀਵਨ ਯਾਤਰਾ ਸਮਾਪਤ ਹੋਈ । ●

ਅਰੋਗ ਜੀਵਨ

ਆਹਾਰ ਦਾ ਸੰਜਮ

ਸ੍ਰੀ ਭੈਣੀ ਸਾਹਿਬ ਵਿਖੇ ਲਗੇ ਕੁਦਰਤੀ ਇਲਾਜ ਦੇ ਕੈਂਪ ਵਿਚ ਮੁਖ ਚਕਿਤਸਕ ਡਾ: ਗੌਰੀ ਸ਼ੰਕਰ ਦੇ ਭਾਸ਼ਣ ਤੇ ਆਧਾਰਤ ਲੇਖ

—ਨਰਿੰਦਰ ਸਿੰਘ

ਸਰੀਰ ਵਿਚ ਰੋਗ ਦਾ ਕਾਰਨ ਵਿਜਾਤੀਯ ਦਰਵ ਹੈ। ਸਜਾਤੀਯ ਦਰਵ ਨੂੰ ਤੇ ਸਰੀਰ ਜਜ਼ਬ ਕਰ ਲੈਂਦਾ ਹੈ ਪਰ ਜਿਸ ਵਸਤੂ ਨੂੰ ਸਰੀਰ ਜਜ਼ਬ ਨਾ ਕਰ ਸਕੇ ਉਸ ਨੂੰ ਵਿਜਾਤੀਯ ਦਰਵ ਕਹਿੰਦੇ ਹਨ। ਉਦਾਹਰਣ ਵਜੋਂ ਕੋਈ ਮਖੀ ਮੂੰਹ ਵਿਚ ਪੈ ਜਾਵੇ, ਕੋਈ ਤਿਨਕਾ ਮੂੰਹ ਜਾਂ ਨਕ ਵਿਚ ਪੈ ਜਾਵੇ ਤਾਂ ਮਨੁੱਖ ਤੁਰੰਤ ਥੂ-ਥੂ ਕਰਨ ਲਗ ਪੈਂਦਾ ਹੈ। ਕਾਰਨ ਕਿ ਸਰੀਰ ਉਸ ਨੂੰ ਜਜ਼ਬ ਨਹੀਂ ਕਰ ਸਕਦਾ। ਇਸ ਦੇ ਉਲਟ ਫਲ, ਸਬਜ਼ੀ ਤੇ ਦੁਧ ਹਰ ਕੋਈ ਸ਼ੌਕ ਨਾਲ ਖਾਂਦਾ ਹੈ। ਜੇ ਕੋਈ ਗਲਤ ਵਸਤੂ ਸਰੀਰ ਵਿਚ ਚਲੀ ਜਾਂਦੀ ਹੈ ਉਦੋਂ ਸਾਰਾ ਸਰੀਰ ਉਸ ਨੂੰ ਬਾਹਰ ਕਢਣ ਲਈ ਪੂਰਾ ਤਾਣ ਲਗਾ ਦੇਂਦਾ ਹੈ। ਜੇ ਕੋਈ ਮਨੁੱਖ ਸ਼ਰਾਬ ਪੀਂਦਾ ਹੈ ਉਦੋਂ ਸਾਰਾ ਸਰੀਰ ਉਸ ਨੂੰ ਬਾਹਰ ਕਢਣ ਲਈ ਪੂਰੀ ਤਾਕਤ ਲਾ ਦਿੰਦਾ ਹੈ। ਖੂਨ ਦੀ ਹਰਕਤ ਤੇਜ਼ ਹੋ ਜਾਂਦੀ ਹੈ ਨਤੀਜੇ ਵਜੋਂ ਸਰੀਰ ਗਰਮ ਹੋ ਜਾਂਦੇ। ਪਰ ਇਸ ਜ਼ਹਿਰ ਨੂੰ ਸਰੀਰ ਤੋਂ ਬਾਹਰ ਕਰਨ ਦੀ ਕਿਰਿਆ ਵਿਚ ਕਾਫੀ ਸਰੀਰਕ ਤਾਕਤ ਜ਼ਾਇਆ ਹੋ ਜਾਂਦੀ ਐ। ਜੇ ਸਰੀਰ ਨੂੰ ਗਰਮ ਕਰਨਾ ਈ ਮਨੋਰਥ ਹੋਵੇ ਤਦ ਆਸਣ, ਪ੍ਰਾਣਾਯਾਮ ਜਾਂ ਕਸਰਤ, ਵਿਆਯਾਮ ਵੀ ਪੂਰਾ ਲਾਭ ਦੇ ਸਕਦੇ ਨੇ। ਲੋਕ ਮਸਤੀ ਵਾਸਤੇ ਨਸ਼ੀਲੀਆਂ ਵਸਤਾਂ ਦਾ ਸੇਵਨ ਕਰਦੇ ਨੇ,

ਲੋਕ ਨਮਕ, ਮਿਰਚ, ਸੁਆਦ ਲਈ ਖਾਂਦੇ ਹਨ ਪਰ ਇਹ ਮਨੁੱਖ ਦੀ ਖੁਰਾਕ ਨਹੀਂ। ਬਚੇ ਨਮਕ, ਮਿਰਚ ਨਹੀਂ ਖਾ ਸਕਦੇ। ਖਾਂਦੇ ਸਾਰ ਹੀ ਬੇਚੈਨ ਹੋ ਉਠਦੇ ਨੇ। ਅੱਖਾਂ ਅਤੇ ਨਕ ਵਿੱਚੋਂ ਪਾਣੀ ਵਗਣ ਲਗ ਪੈਂਦਾ ਹੈ। ਸਗੋਂ ਕਈ ਵਾਰੀ ਸਿਆਣਿਆਂ ਆਦਮੀਆਂ ਦੇ ਵੀ ਨਕ ਅਤੇ ਅੱਖਾਂ ਤੇ ਮਰਚ ਮਸਾਲੇ ਕਾਰਣ ਪਾਣੀ ਵਗ ਪੈਂਦਾ ਹੈ। ਰਸੌਲੀ ਅਤੇ ਮੋਤਿਆਬਿੰਦ ਵਰਗੇ ਰੋਗ ਵੀ ਸਿਰਫ ਕੁਦਰਤੀ ਖੁਰਾਕ ਦਾ ਅਹਾਰ ਕਰਨ ਮਾਤਰ ਨਾਲ ਈ ਆਪਣੇ ਆਪ ਚਲੇ ਜਾਂਦੇ ਨੇ।

ਡਾ. ਗੌਰੀ ਸ਼ੰਕਰ ਮਿਸ਼ਰ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਲਗੇ ਕੁਦਰਤੀ ਇਲਾਜ ਦੇ ਕੈਂਪ ਵਿਚ ਦਸਿਆ ਕਿ ਉਹਨਾਂ ਦਾ ਆਪਣਾ ਤਜਰਬਾ ਇਸ ਗਲ ਦਾ ਗਵਾਹ ਹੈ ਕਿ ਉਹਨਾਂ ਨੂੰ ਸੰਨ 48 ਵਿਚ ਬਗਲ 'ਚ ਰਸੌਲੀ ਹੋ ਗਈ। ਹਾਈਡਰੋਸੀਲ ਅਤੇ ਬਵਾਸੀਰ ਵੀ ਸਰੀਰ ਨੂੰ ਕਸ਼ਟ ਦੇਣ ਲਗ ਪਈ। ਆਖਰ 9 ਅਗਸਤ 1951 ਨੂੰ ਆਪ ਜੀ ਨੇ ਅਪਣਾ ਭੋਜਨ (ਭਿਜੇ ਹੋਏ ਛੋਲੇ, ਅੰਨ, ਫਲ ਸਬਜ਼ੀਆਂ) ਖਾਣਾ ਸ਼ੁਰੂ ਕਰ ਦਿਤਾ ਤਾਂ ਪੰਜਾਂ ਸਾਲਾਂ 'ਚ ਇਹ ਸਾਰੇ ਰੋਗ ਹਮੇਸ਼ਾਂ ਲਈ ਉਹਨਾਂ ਦਾ ਖਹਿੜਾ ਛਡ ਗਏ।

ਹਰ ਕੋਈ ਚੰਗੀ ਅਤੇ ਲੰਮੀ ਉਮਰ ਦਾ ਚਾਹਵਾਨ ਹੁੰਦਾ ਹੈ। ਪਰ ਇਹਨਾਂ ਸਾਧਨਾਂ ਦੀ ਪ੍ਰਾਪਤੀ ਵਾਸਤੇ ਹੇਠ ਲਿਖੀਆਂ ਗਲਾਂ ਵਲ ਧਿਆਨ ਕਰਨਾ ਜ਼ਰੂਰੀ ਐ।

ਬਗੈਰ ਭੁਖ ਜਾਂ ਲੋੜ ਤੋਂ ਕੋਈ ਚੀਜ਼ ਨਾ ਖਾਧੀ ਜਾਵੇ। ਫਿਰ ਘਟ ਖਾਧਾ ਜਾਵੇ। ਸਫਰ ਜਾਣ ਸਮੇਂ ਜੇ ਰੋਟੀ ਦਾ ਵਕਤ ਨਾ ਹੋਵੇ ਤਾਂ ਰੋਟੀ ਨਾ ਖਾਧੀ ਜਾਏ। ਸ਼ਰਬਤ ਜਾਂ ਸ਼ਿਕੰਜਵੀ ਆਦਿ ਦੀ ਸੇਵਨ ਕਰਕੇ ਹੀ ਸੰਤੁਸ਼ਟ ਹੋ ਜਾਈਏ।

ਰੋਟੀ ਖਾਣ ਸਮੇਂ ਵਧੇਰੀਆਂ ਕੌਲੀਆਂ ਤੇ ਚੀਜ਼ਾਂ ਨਾ ਰਖੋ। ਕੇਵਲ ਇਕੋ ਦਾਲ ਜਾਂ ਭਾਜੀ ਰਖੋ। ਵਧੇਰੀਆਂ ਚੀਜ਼ਾਂ ਹੋਣ ਨਾਲ ਕੁਦਰਤੀ ਤੌਰ ਤੇ ਜ਼ਿਆਦਾ ਅਨਾਜ ਖਾਧਾ ਜਾਵੇਗਾ ਜੋ ਸਿਹਤ ਲਈ ਘਾਟੇਵੰਦਾ ਹੋ ਸਕਦੈ।

ਚੰਗੀ ਭੁਖ ਲਗਣ ਦੀ ਨਿਸ਼ਾਨੀ ਇਹ ਹੈ ਕਿ ਰੋਟੀ ਖਾਣ ਸਮੇਂ ਤੁਹਾਨੂੰ ਇਹ ਪੁਛਣਾ ਹੀ ਨਾ ਪਵੇ ਕਿ ਅਜ ਕੀ ਬਨਾਇਆ ਹੈ। ਜੋ ਕੁਝ ਫੌਰਨ ਮਿਲ ਜਾਵੇ ਉਸਨੂੰ ਹੀ ਪ੍ਰਸੰਨਤਾ ਨਾਲ ਖਾਧਾ ਜਾਵੇ। ਬਸ ਇਹੋ ਅਸਲੀ ਭੁਖ ਹੈ। ਇਸ ਲਈ ਅਸਲੀ ਭੁਖ ਤੇ ਹੀ ਭੋਜਨ ਖਾਇਆ ਜਾਵੇ ਤੇ ਨਕਲੀ ਭੁਖ ਸਮੇਂ ਕੁਝ ਵੀ ਖਾਣ ਪੀਣ ਤੋਂ ਪਰਹੇਜ਼ ਕੀਤਾ ਜਾਏ।

ਕਈ ਆਦਮੀ ਘੜੀ ਵੇਖਕੇ ਟਾਈਮ ਅਨੁਸਾਰ ਖਾਣਾ ਖਾਣ ਲਗ ਜਾਂਦੇ ਨੇ ਭਾਵੇਂ ਭੁੱਖ ਲਗੀ ਹੋਵੇ ਜਾਂ ਨਾ। ਇਹ ਤ੍ਰੀਕਾ ਠੀਕ ਨਹੀਂ। ਹਮੇਸ਼ਾਂ ਭੁਖ ਲਗਨ ਤੇ ਹੀ ਭੋਜਨ ਕਰਨਾ ਚਾਹੀਦੈ। ਭੁਖ ਦੇ ਬਗੈਰ ਰੋਟੀ ਜਾਂ ਕੁਝ ਚੀਜ਼ਾਂ ਖਾਣ ਨਾਲੋਂ ਕੁਝ ਚਿਰ ਪੇਟ ਨੂੰ ਆਰਾਮ ਦੇਣਾ ਚੰਗੈ: ਭੋਜਨ ਨਾਲ ਟੁਟ-ਫੁਟ-ਦੀ ਮੁਰੰਮਤ ਤੇ ਜ਼ਰੂਰ ਹੁੰਦੀ ਏ ਪਰ ਤਾਕਤ ਅਰਾਮ ਕਰਣ ਨਾਲ ਹੀ ਮਿਲਦੀ ਹੈ। ਕਿਸੇ ਆਦਮੀ ਨੂੰ ਦੋ ਤਿੰਨ ਦਿਨ ਵਧੀਆ ਤੋਂ ਵਧੀਆ ਖੁਰਾਕ ਦਿਤੀ ਜਾਵੇ ਪਰ ਉਸਨੂੰ ਆਰਾਮ ਨਾ ਕਰਨ ਦਿਤਾ ਜਾਵੇ ਤੇ ਉਸਦੀ ਜੋ ਹਾਲਤ ਹੋਵੇਗੀ ਉਸਨੂੰ ਉਹ ਹੀ ਜਾਣ ਸਕਦੈ।

ਜਿਹੜੇ ਆਦਮੀ ਆਖਦੇ ਨੇ ਕਿ ਜਿਤਨਾ ਜ਼ਿਆਦਾ ਖਾਇਆ ਜਾਵੇ ਉਤਨੀ ਜ਼ਿਆਦਾ ਤਾਕਤ ਹੋਵੇਗੀ, ਇਹ ਬਿਲਕੁਲ ਹੀ ਗਲਤ ਗਲ ਹੈ।

ਭੋਜਨ ਨੂੰ ਤਿੰਨਾਂ ਭਾਗਾਂ ਵਿਚ ਵੰਡਿਆ ਜਾ ਸਕਦੈ। ਜੋ ਆਪਣੀ ਸਿਹਤ ਉਤਮ ਬਨਾਣਾ ਚਾਹੁਣ, ਉਹ ਉਤਮ ਸ਼੍ਰੇਣੀ, ਜੋ ਮਧਮੀ ਸਿਹਤ ਚਾਹੁੰਦੇ ਨੇ ਉਹ ਮਧਮੀ ਢੰਗ ਅਰ ਜੋ ਸਿਹਤ ਤੋਂ ਬੇ-ਪ੍ਰਵਾਹ ਹੀ ਹੋਣਾ ਲੋੜਦੇ ਹੋਣ ਉਹ ਤੀਜੇ ਦਰਜੇ ਅਨੁਸਾਰ ਕਰ ਲਿਆ ਕਰਣ।

ਪਹਿਲੇ ਦਰਜੇ ਦੇ ਭੋਜਨ ਵਿਚ ਉਹ ਚੀਜ਼ਾਂ ਨੇ ਜਿਹੜੀਆਂ ਕੇਵਲ ਸੂਰਜ ਦੀ ਗਰਮੀ ਨਾਲ ਹੀ ਪਕੀਆਂ ਹੋਈਆਂ ਹੋਣ। ਜਿਵੇਂ ਫਲ, ਸਬਜ਼ੀ, ਕਚਾ ਦੁਧ, ਭਿਜੇ ਹੋਏ ਛੋਲੇ, ਮੂੰਗਫਲੀ, ਮੂੰਗੀ ਸਾਬਤ ਅਰਥਾਤ ਅੰਮ੍ਰਿਤ ਅੰਨ (ਜਿਹੜਾ ਅੰਨ ਅੱਗ ਉਪਰ ਪਕਾਇਆ ਜਾ ਰਿਨਿਆ ਜਾਵੇ ਉਸਨੂੰ ਮਰਿਆ ਹੋਇਆ ਅੰਨ ਆਖਿਆ ਜਾਂਦਾ ਹੈ) ਅਥਵਾ ਗੰਨੇ ਦਾ ਰਸ ਆਦਿ।

ਦੂਸਰੇ ਦਰਜੇ ਦਾ ਭੋਜਨ ਹੈ ਉਬਲੀਆਂ ਸਬਜ਼ੀਆਂ ਉਬਲੇ ਛੋਲੇ ਅਣਛਾਤੇ ਆਟੇ ਦੀ ਰੋਟੀ, ਕਣੀਆਂ ਸਮੇਤ ਪਿਛ ਕਢਣ ਤੋਂ ਬਗੈਰ ਚਾਵਲ, ਉਬਲਿਆ ਦੁਧ ਤੇ ਗੁੜ ਸ਼ਕਰ ਆਦਿਕ।

ਤੀਸਰੇ ਦਰਜੇ ਦਾ ਭੋਜਨ ਹੈ ਛਾਣੇ ਆਟੇ ਦੀ ਰੋਟੀ, ਕਣ ਬਿਨਾ ਪਿਛ ਲਥੇ ਚਾਵਲ, ਤੜਕੇ ਵਾਲੀ ਸਬਜ਼ੀ, ਅਥਵਾ ਤਲਿਆ ਭੋਜਨ, ਕੜੀ, ਸ਼ਕਰ, ਘਿਓ ਆਦਿ।

ਜੇਕਰ ਇਹਨਾਂ ਤਰੀਕਿਆਂ ਵਾਲੇ ਭੋਜਨ ਨੂੰ ਵਰਤਿਆ ਜਾਵੇ ਸੰਜਮ ਨਾਲ ਤਾਂ ਹਰ ਆਦਮੀ ਸਿਹਤ ਮੰਦ ਰਹਿ ਸਕਦੈ। ਪਰ ਇਸਤੋਂ ਅਗਲੇ ਦਰਜੇ ਦਾ ਭੋਜਨ ਮਨੁਖ ਨੂੰ ਬੀਮਾਰ ਕਰਣ ਵਾਲਾ ਹੋਇਆ ਕਰਦੈ। ਉਹ ਹੈ ਤਲੀਆਂ ਤੇ ਭੁੰਨੀਆਂ ਹੋਈਆਂ ਵਸਤਾਂ, ਹਲਵਾ ਪੂੜੀ, ਖੀਰ, ਪਕੌੜੇ, ਬਰਫੀ ਤੇ ਸਫੇਦ ਖੰਡ ਆਦਿ।

ਦੁਧ ਘਿਓ ਇਕ ਅਮ੍ਰਿਤ ਹੈ ਪਰ ਜੇ ਸੰਜਮ ਅਤੇ ਤਰੀਕੇ ਨਾਲ ਵਰਤਿਆ ਜਾਵੇ। ਪਰ ਜੇ ਏਸ ਤਰ੍ਹਾਂ ਨਾ ਹੋਵੇ ਤਾਂ ਇਹ ਜ਼ਹਿਰ ਹੈ। ਕੁਦਰਤੀ ਇਲਾਜ ਵਿਚ ਅਰੰਭ ਸਮੇਂ ਦੁਧ ਘਿਉ, ਬੰਦ ਕਰ ਦਿਤਾ ਜਾਂਦੈ। ਜਦੋਂ ਸਰੀਰ ਵਿਕਾਰ ਰਹਿਤ ਹੋ ਜਾਵੇ ਉਸ ਵਕਤ ਦੁਧ ਕਲਪ ਕਰਵਾਇਆ (ਅਰਥਾਤ ਇਕ ਪਾਉ ਦੀ ਮਾਤਰਾ ਤੋਂ ਸ਼ੁਰੂ ਕਰਕੇ 5—6 ਕਿਲੋਂ ਤਕ ਦੁਧ ਦੇਣਾ ਤੇ ਫੇਰ ਵਾਪਸ ਸਾਧਾਰਣ ਹਾਲਤ ਤੇ ਲੈ ਆਉਣਾ) ਜਾਂਦੈ। ਘਿਉ ਤਾਕਤਵਰ ਆਦਮੀਆਂ ਦੀ ਖੁਰਾਕ ਹੈ ਕਮਜ਼ੋਰ ਅਤੇ ਬੁਢੇ ਆਦਮੀਆਂ ਦੀ ਨਹੀਂ। ਸਾਧਾਰਨ ਸਿਹਤ ਵਾਲਾ ਆਦਮੀ ਇਕ ਦਿਨ ਵਿਚ ਇਕ ਛਟਾਂਕ ਘਿਉ ਲੈ ਸਕਦੈ ਜ਼ਿਆਦਾ ਨਾਲ ਫਾਇਦੇ ਦੀ ਥਾਂ ਨੁਕਸਾਨ ਹੋ ਸਕਦੈ। ●

ਸਰਗਰਮੀਆਂ :

ਕਜ਼ਾਕ ਦੇ ਘਰ

ਕਹਾਣੀ ਗੋਸ਼ਠੀ

— ਬਲਵੰਤ ਚੌਹਾਨ

ਪਿਛਲੇ ਮਹੀਨੇ ਜਿਹਨਾਂ ਤੀਹ ਕੁ ਕਹਾਣੀਕਾਰਾਂ ਦੇ ਘਰੀਂ ਕਜ਼ਾਕ ਦੇ ਲਿਖੇ ਹੇਠ ਉਤੇ ਖਤ "ਏਕ ਕੇ ਬਾਅਦ ਏਕ" ਡਿਗਦੇ ਰਹੇ ਹਨ, ਉਹ ਜਾਣਦੇ ਹਨ ਕਿ 2 ਜਾਂ 3 ਜੁਲਾਈ ਦੀ ਪੰਜਾਬੀ ਕਹਾਣੀ ਗੋਸ਼ਠੀਆਂ ਵਿਚ ਕੀ ਅਹਿਮੀਅਤ ਹੈ। ਪਹਿਲਾਂ ਤਾਂ ਦੋਸਤਾਂ ਦੇ ਵਾਰ ਵਾਰ ਕਹਿਣ ਤੇ ਵੀ ਉਸ ਕਹਾਣੀ ਗੋਸ਼ਠੀ ਲਈ ਹਾਮੀ ਨਾਂ ਭਰੀ ਪਰ ਜੇ ਮੰਨਿਆ ਨਹੀ ਤਾਂ ਇਕ ਮਹੀਨਾ ਪਹਿਲਾਂ ਹੀ ਹਰ ਦੂਜੇ ਦਿਨ ਖਤ-ਫਲਾਣਿਆਂ ਜ਼ਰੂਰ ਆਈ...ਢਿਮਕਿਆਂ ਜੇ ਨਾਂ ਆਇਆ ਮਿੱਤਰਾ ਮੈਂ ਫਾਹ ਲੈ ਲੂੰ...ਤੇ ਅਮਕਿਆ ਵਹੁਟੀ ਨਾਲ ਲਿਆਈਂ...ਜੇ ਨਾਂ ਆਈ...ਬੱਸ ਧੂੰਆਂ ਕਢ ਦੂੰ......

ਗੋਸ਼ਠੀ ਤੋਂ ਦੋ ਦਿਨ ਪਹਿਲਾਂ ਮੇਰੇ ਦਫਤਰ ਆਇਆ ਹਫਿਆ...ਘਾਬਰਿਆ...ਕਹਿੰਦਾ ਗਜ਼ਬ ਹੋ ਗਿਆ ਚੁਆਨ੍ ਸਾਅਬ...ਅਣਖੀ, ਭੀਖੀ, ਤੇ ਬੀਬਾ ਦੇ ਆਉਣ ਬਾਰੇ ਕੋਈ ਖਤ ਈ ਨਹੀਂ ਆਇਆ...ਜੇ ਤਿੰਨੇ ਨਾ ਆਏ ਤਾਂ ਗੋਸ਼ਠੀ ਫੇਲ੍ਹ ਸਮਝੋ...ਇਕ ਰੱਬ...ਰੱਜ ਮੀਂਹ ਮੂਤੀਂ ਜਾਂਦੈ...ਦੱਸ ਇਹੋ ਜਿਹੇ 'ਚ ਕੌਣ ਆਊ ਚਿੱਕੜ 'ਚ ਗਾਰਾ ਮਿੱਧਣ...ਪੰਗਾਈ ਛੇੜ ਲਿਐ...ਤੇ ਅਸੀਂ ਦੋਵੇਂ ਮਿੱਤਰਾਂ ਨੂੰ ਤਾਰਾਂ ਦੇਣ ਤੁਰ ਪਏ...ਤਾਰਾਂ ਵਿਚ ਵਿਚ ਵੀ ਉਹੋ ਈ ਰਟ ਬਈ ਬਹੁੜੋ...ਜੇ ਨਾ ਆਏ ਗਊ ਹੱਤਿਆਂ ਹੋ ਜੂ ਮਿੱਤਰੋ...

ਉਹਦੇ ਕਹਿਣ ਅਨੁਸਾਰ ਇਸ ਵਾਰ ਕਈ ਕਹਾਣੀਕਾਰ ਪਤਨੀਆਂ ਨਾਲ ਆ ਰਹੇ ਸਨ ਅਤੇ ਇਹ ਇਕ ਵੱਖਰੀ ਹੀ ਗੱਲ ਸੀ। ਵਾਅਦੇ ਅਨੁਸਾਰ ਮੈਂ ਵੀ ਬੱਚਿਆਂ ਸਮੇਤ ਇਕ ਦੀ ਸ਼ਾਮ ਨੂੰ ਹੀ ਪੁੱਜ ਗਿਆ। ਅਗੇ ਰਾਮਪੁਰਾ ਫੂਲ ਤੋਂ ਪਹਿਲਾਂ ਹੀ ਇਕ ਸੱਜਣ ਆਏ ਬੈਠੇ ਸਨ।...

ਦੋ ਜੁਲਾਈ ਦੀ ਸਵੇਰ ਨੂੰ ਉਹ ਮੈਨੂੰ ਆਪਣੇ ਨਾਲ ਪਟਿਆਲੇ ਵਲ ਨੂੰ ਲੈ ਤੁਰਿਆ ਦੇ ਦੇਖਦਿਆਂ ਦੇਖਦਿਆਂ ਥਾਂ ਥਾਂ ਤੇ ਪੋਸਟਰ ਲਾ ਕੇ ਪਿੰਡ ਅਪੜਨ ਲਈ ਰਾਹ ਸੁਖਾਲਾ ਕਰ ਦਿਤਾ ਗਿਆ ਸੀ। ਦਸ ਵਜਦੇ ਨੂੰ ਮੀਂਹ ਮੋਹਲੇਧਾਰ ਪੈਣ ਲਗ ਪਿਆ ਤਾਂ ਆਉਣ ਵਾਲੇ ਬੰਦਿਆਂ ਦੀ ਆਸ ਮਨ ਵਿਚ ਘਟਦੀ ਘਟਦੀ ਪੰਜ ਦਸ ਕੁ ਦੀ ਰਹਿ ਗਈ ਤੇ ਪਿੰਡ ਮੁੜਦਾ ਕਜ਼ਾਕ ਉਦਾਸ ਹੋ ਗਿਆ। ਘਰ ਆਏ ਤਾਂ ਅੱਗੇ ਰਾਮ ਲਾਲ ਨਾਭਵੀ, ਅੰਬਾਖਸ਼, ਰਜਿੰਦਰ ਭਾਰਤੀ, ਤੇ ਜਗਜੀਤ ਸਿੰਘ ਦਾਦ ਮੀਂਹ 'ਚ ਗੜੁੱਚ ਪੁੱਜ ਗਏ ਸਨ। ਉਹਦੀ ਨਿੱਕੀ ਜਿਹੀ ਬੈਠਕ ਵਿਚ ਕਿੰਨਾ ਹੀ ਚਿਰ ਫਿਰ ਬਹਿਸ, ਗਾਣੇ, ਚੁਟਕਲੇ, ਹੁੱਜਤਾਂ, ਚਹੇਡਾਂ... ਚਲਦੀਆਂ ਰਹੀਆਂ ਜਿੰਨਾ ਚਿਰ ਦੂਰ ਦੂਰ ਦੇ ਮਿੱਤਰ ਨਾ ਪੁੱਜ ਗਏ।......

ਮੀਂਹ ਰੁਕ ਗਿਆ ਸੀ ਤੇ ਕਹਾਣੀਕਾਰ ਆਸ ਨਾਲੋਂ ਵੱਧ ਪੁੱਜ ਗਏ ਵੇਖ ਕਜ਼ਾਕ ਗੁਲਾਬ ਦੇ ਫੁੱਲ ਵਾਂਗ ਖਿੜ ਗਿਆ ਸੀ। ਸੂਰਜ ਛਿਪਦਿਆਂ ਹੀ ਕਹਾਣੀਆਂ ਸ਼ੁਰੂ ਹੋ ਗਈਆਂ...ਦੋ ਕਹਾਣੀਆਂ ਪੜ੍ਹਨ ਮਗਰੋਂ ਰੋਟੀ ਲਈ ਹਾਕ ਪੈ ਗਈ। ਹਨੇਰਾ ਉੱਤਰ ਆਇਆ ਸੀ...ਤੇ ਕਜ਼ਾਕ ਦੀ ਕਾਫੀ ਭੱਜ ਨੱਠ ਮਗਰੋਂ ਹੋਏ ਬਿਜਲੀ ਦੇ ਪ੍ਰਬੰਧ ਕਾਰਣ ਅਸੀਂ ਚਾਨਣ ਵਿਚ ਪੱਖੇ ਦੀ ਹਵਾ ਦਾ ਅਨੰਦ ਮਾਣ ਰਹੇ ਸਾਂ। ਇਹ

ਸ਼ਾਇਦ ਸਮਾਂਤਰ ਗੋਸ਼ਠੀਆਂ ਵਿਚੋਂ ਪਹਿਲੀ ਅਜਿਹੀ ਬੈਠਕ ਸੀ ਜਿਸ ਵਿਚ ਕਿਸੇ ਮਿੱਤਰ ਨੇ ਦਾਰੂ ਦੀ ਤਲਬ ਮਹਿਸੂਸ ਨਹੀਂ ਕੀਤੀ। ਮਾਹੌਲ ਦੋ ਕਹਾਣੀਆਂ ਦੀ ਲੰਮੀ ਬਹਿਸ ਮਗਰੋਂ ਵੀ ਲੋੜੋਂ ਵਧ ਸੁਖਾਵਾਂ ਸੀ : ਜਿਵੇਂ ਕਿ ਇਹਨਾਂ ਸਮਾਂਤਰ ਗੋਸ਼ਠੀਆਂ ਦਾ ਮਕਸਦ ਹੀ ਹੈ ਕਿ ਪਿੰਡਾਂ ਦੀ ਸਾਦਗੀ ਨਾਲ ਇਕ ਮਿੱਕ ਹੋ ਕੇ ਕੇ ਉਹਨਾਂ ਲੋਕਾਂ ਵਿਚਕਾਰ ਹੀ ਬਹਿ ਕੇ ਕਹਾਣੀਆਂ ਪੜ੍ਹੀਆਂ ਜਾਣ ਜਿਹਨਾਂ ਲੋਕਾਂ ਲਈ ਲੇਖਕ ਲਿਖਣ ਦਾ ਦਾਅਵਾ ਕਰਦੇ ਹਨ।

ਸ਼ਾਇਦ ਦਾਰੂ ਸਿੱਕਾ ਨਾ ਚੱਲਣ ਦਾ ਹੀ ਕਾਰਨ ਸੀ ਕਿ ਰੋਟੀ ਤੋਂ ਮਗਰੋਂ ਮਹਿਫ਼ਲ ਫੇਰ ਗਰਮ ਹੋ ਗਈ। ਪਿੰਡ ਵਿਚ ਚੁਫੇਰੇ ਚੁੱਪ ਤੇ ਹਨੇਰਾ ਫੈਲ ਗਿਆ ਸੀ। ਕਜ਼ਾਕ ਦੇ ਖੁਲ੍ਹੇ ਵੇਹੜੇ ਵਿਚ ਏਨੇ ਪੜ੍ਹੇ ਲਿਖੇ ਲੋਕਾਂ ਨੂੰ ਇਸ ਤਰ੍ਹਾਂ ਬਹਿਸਦਿਆਂ ਝਗੜਦਿਆਂ...ਹੱਸਦਿਆਂ ਤੇ ਗੰਭੀਰ ਹੁੰਦਿਆਂ ਨੂੰ ਵੇਖ ਕੇ ਪਿੰਡ ਦੇ ਲੋਕ ਹੈਰਾਨ ਹੋ ਰਹੇ ਸਨ। ਕੁਝ ਕੰਧਾਂ ਉਤੋਂ ਝਾਕ ਰਹੇ ਸਨ ਤੇ ਕੁਝ ਵਿਚ ਆ ਬੈਠੇ ਸਨ। ਉਧਰ ਕਹਾਣੀਆਂ ਪੜ੍ਹੀਆਂ ਜਾ ਰਹੀਆਂ ਸਨ ਤੇ ਬਹਿਸ ਤਿੱਖੀ ਹੋ ਰਹੀ ਸੀ। ਸੌਣ ਦੀ ਜਿਵੇਂ ਕਿਸੇ ਨੂੰ ਖਬਰ ਹੀ ਨਹੀਂ ਸੀ। ਹਰ ਦੂਜੀ ਕਹਾਣੀ ਮਗਰੋਂ ਚਾਹ ਦਾ ਦੌਰ ਚਲਦਾ ਤੇ ਹਰ ਕਹਾਣੀ ਦੀ ਅਲੋਚਨਾ ਮੁੱਕਣ ਤੇ ਦੂਜੀ ਕਹਾਣੀ ਸ਼ੁਰੂ ਹੋ ਜਾਂਦੀ। ਇਉਂ ਉਸ ਰਾਤ ਪੰਜਾਬੀ ਕਹਾਣੀ ਦਰਬਾਰਾਂ ਵਿਚ ਪਹਿਲੀ ਅਜਿਹੀ ਕਹਾਣੀ ਗੋਸ਼ਠੀ ਸੀ ਜਿਹੜੀ ਰਾਤ ਦੇ ਇਕ ਵਜੇ ਤੱਕ ਲਗਾਤਾਰ ਗੰਭੀਰਤਾ ਨਾਲ ਚਲਦੀ ਰਹੀ। ਗੋਰਖੀ, ਭੂਪਿੰਦਰ ਦਰਦੀ, ਭੀਖੀ, ਤਰਸਪਾਲ, ਰਾਜਿੰਦਰ ਸੋਢੀ, ਪਰਗਟ ਸਿੰਘ ਸਿੱਧੂ, ਮਿਸਿਜ਼ ਅਨੀਤਾ ਚੌਹਾਨ, ਤੇ ਮਿਸਿਜ਼ ਚਰਨਜੀਤ ਚੰਨੀ, ਕੰਵਲ ਸ਼ੇਰ ਸਿੰਘ, ਕ੍ਰਿਸ਼ਨੀਵ ਅਤੇ ਤੇਜਵੰਤ ਮਾਨ ਦਾ ਹਰ ਕਹਾਣੀ ਨੂੰ ਏਨੇ ਧਿਆਨ ਨਾਲ ਸੁਣਨਾ ਤੇ ਫਿਰ ਉਹਦੇ ਬਾਰੇ ਉਸਾਰੂ ਅਲੋਚਨਾ ਕਰਨਾ ਕਹਾਣੀਕਾਰਾਂ ਨੂੰ ਵੀ ਅਚੰਭਾ ਲੱਗਾ। ਇਹ ਬਹਿਸ ਬਿਲਕੁਲ ਉਸ ਕਸਵੱਟੀ ਤੇ ਉਤਰਦੀ ਸੀ ਜੀਹਦੇ ਮਕਸਦ ਲਈ ਸਮਾਂਤਰ ਗੋਸ਼ਠੀਆਂ ਕਰਵਾਉਣ ਦਾ ਬੀੜਾ ਚੁੱਕਿਆ ਗਿਆ ਹੈ ਕਿ ਕਿਉਂ ਨਾਂ ਕਹਾਣੀਕਾਰ ਹੀ ਕਹਾਣੀਆਂ ਬਾਰੇ ਖੁਲ੍ਹ ਕੇ ਗੱਲ ਕਰਨ।

ਤੇ ਇਉਂ ਇਹ ਗੋਸ਼ਟੀ ਰਾਤ ਦੇ ਇਕ ਵਜੇ ਵੀ ਖਤਮ ਨਾਂ ਹੋ ਸਕੀ—ਚੌਂਕੇ ਵਿਚੋਂ ਚਾਹ ਦੀ ਭਾਫ ਲਗਾਤਾਰ ਉਡਦੀ ਰਹੀ। ਦੋਸਤ ਮਿੱਤਰ ਪੈ ਤਾਂ ਗਏ ਪਰ ਨੀਂਦ ਕਿਥੇ। ਗੋਰਖੀ ਕਜ਼ਾਕ ਦਾ ਰੇਖਾ ਚਿੱਤਰ ਪੜ੍ਹਨ ਲੱਗ ਪਿਆ, ਭੀਖੀ ਹਰਮੋਨੀਅਮ ਵਜਾਉਣ ਲੱਗ ਪਿਆ, ਕਪਲ ਗਾਉਣ ਲੱਗ ਪਿਆ, ਤੇਜਵੰਤ ਸੌਂ ਕੇ ਵੀ ਬੋਲਦਾ ਰਿਹਾ, ਮਡਾਹਡ ਦੇ ਸਫ਼ਨੇ 'ਚ ਹੱਥ ਪਈ ਮੈਸ ਭੌਂਦੀ ਰਹੀ, ਨਛੱਤਰ ਦਰ ਦੇ ਸਫ਼ਰ ਵਿਚ ਖੋਇਆ ਰਿਹਾ, ਦਿਲਬੀਰ ਵਾਹ ਵਾਹ ਕਰਦਾ ਰਿਹਾ, ਪੰਨੂੰ ਵੱਡੇ ਹਾਦਸੇ ਮਗਰੋਂ ਦੋਸਤਾਂ 'ਚ ਬਹਿ ਕੇ ਵੀ ਬਹੁਤਾ ਬੋਲ ਨਾ ਸਕਿਆ, ਕਜ਼ਾਕ ਦੀ ਬਜ਼ੁਰਗ ਬੇਬੇ ਸਵੇਰ ਹੋ ਜਾਣ ਤੀਕ ਵੀ ਫੈਸਲਾ ਨਾ ਕਰ ਸਕੀ ਕਿ ਆਖਰ ਏਨੇ ਸਾਰੇ ਬੰਦਿਆਂ ਵਿਚੋਂ ਸਭ ਤੋਂ ਜ਼ਿਆਦਾ ਸਿਆਣਾ ਕੌਣ ਸੀ :—

...ਤੇ ਆਖਰ ਕਜ਼ਾਕ ਦੀ ਸਪੁਤਨੀ ਸੂਤ ਉਨੀਂਦਦੀ ਜਿਹੀ ਸਵੇਰ ਦੇ ਆਹਰ ਵਿਚ ਰੁਝ ਗਈ।...

ਦੂਜੀ ਸਵੇਰ ਜੰਗਲ ਪਾਣੀ ਤੋਂ ਮੁੜਦਿਆਂ, ਨਹਾਉਂਦਿਆਂ ਤੇ ਫੇਰ ਕਹਾਣੀਆਂ ਲਈ ਬੈਠਦਿਆਂ ਤੱਕ ਪ੍ਰਕਾਸ਼ ਜੀ (ਪਾਕਟ ਬੁੱਕਸ ਵਾਲੇ, ਆ ਗਏ।

...ਤੇ ਮਿਸਿਆਂ ਪਰੌਂਠਿਆਂ ਦੇ ਨਾਸ਼ਤੇ ਮਗਰੋਂ ਫੇਰ ਕਹਾਣੀਆਂ ਪੜ੍ਹੀਆਂ ਜਾਣ ਲਗੀਆਂ ਅਤੇ ਮਹਿਫਿਲ ਜਮ ਗਈ...ਭਰਵੀਂ ਅਲੋਚਨਾ ਹੋਣ ਲਗੀ...ਪਿੰਡ ਦੇ ਲੋਕ ਹੈਰਾਨ ਹੋਏ...ਬਹਿਸ ਸੁਣਦਿਆਂ...ਸੋਚਦੇ ਰਹੇ ਕਿ ਆਖਰ ਇਹ ਕਿਹੋ ਜਿਹੇ ਲੋਕ ਹਨ ਜਿਹੜੇ ਇਤਨੇ ਪੜ੍ਹੇ ਲਿਖੇ ਹੋਣ ਤੇ ਵੀ ਉਹਨਾਂ ਬਾਰੇ ਹੀ ਕਲ੍ਹ ਰਾਤ ਤੋਂ ਲਗਾਤਾਰ ਝਗੜ ਰਹੇ ਸਨ ਤੇ ਸੋਚ ਰਹੇ ਸਨ...

ਅਤੇ ਨਿੱਕੀਆਂ ਨਿੱਕੀਆਂ ਟੋਲੀਆਂ ਵਿਚ ਜਦੋਂ ਲੇਖਕ ਵਿਦਾ ਹੋ ਰਹੇ ਸਨ ਤਾਂ ਲਗਦਾ ਸੀ ਕਿ ਸੱਚ ਮੁੱਚ ਇਹ ਗੋਸ਼ਠੀ ਬਹੁਤ ਚਿਰ ਯਾਦ ਰਹਿਣ ਵਾਲੀ ਸੀ .. ●

ਪੰਜਾਬੀ ਕਲਾ ਕੇਂਦਰ ਬੰਬਈ ਦੀ ਚੋਣ

ਸਰਦਾਰ ਗੁਰਦਿਆਲ ਸਿੰਘ ਮਾਸਟਰ, ਅਨਰੇਰੀ ਜਨਰਲ ਸਕੱਤਰ ਦੀ ਸੂਚਨਾ ਅਨੁਸਾਰ ਪੰਜਾਬੀ ਕਲਾ ਕੇਂਦਰ ਬੰਬਈ ਦੀ ਚੋਣ 4 ਜੁਲਾਈ 1977 ਨੂੰ ਬੰਬਈ ਵਿਖੇ ਹੇਠ ਲਿਖੇ ਅਨੁਸਾਰ ਹੋਈ।

ਅਗਜ਼ੈਕਟਿਵ ਕਮੇਟੀ :

ਪ੍ਰਧਾਨ : ਬੀ. ਐਚ. ਐਸ. ਭੱਟੀ।
ਮੀਤ ਪ੍ਰਧਾਨ : ਵੀ. ਹਰਦਿਤ ਸਿੰਘ।
ਆਨਰੇਰੀ ਜਨਰਲ ਸਕੱਤਰ : ਸ੍ਰੀ ਗੁਰਦਿਆਲ ਸਿਘ ਮਾਸਟਰ।
ਖਜ਼ਾਨਚੀ : ਸ੍ਰੀ ਮਨਮੋਹਨ ਸਿੰਘ ਕੋਹਲੀ।
ਸਕੱਤਰ (ਨਾਟਕ ਵਿਭਾਗ)—ਸ੍ਰੀ ਅਮ੍ਰਿਤ ਪਾਲ।
ਸਕੱਤਰ (ਲੇਖਕ ਵਿਭਾਗ) ਸ੍ਰੀ ਪ੍ਰੀਤਮ ਬੇਲੀ।

ਕਮੇਟੀ ਮੈਂਬਰ :—

ਸ੍ਰੀ ਨਿਤਿਨ ਸੇਠੀ
ਸ੍ਰੀ ਜੁਗਿੰਦਰ ਸਿਘ ਭਾਟੀਆ
ਸ੍ਰੀ ਮਖਣ ਸਿੰਘ

ਕੁਆਪਟਿਡ ਮੈਂਬਰ :

ਸ੍ਰੀ ਪਰਮਜੀਤ ਸਿੰਘ।
ਸ੍ਰੀਮਤੀ ਅਵਤਾਰ ਕੌਰ ਸੋਖੀ।

ਸਮਾਗਮ ਤੇ ਮੈਂਬਰਸ਼ਿਪ ਕਮੇਟੀ :

ਸ੍ਰੀ ਹਰਦਿਤ ਸਿੰਘ, ਸ੍ਰੀ ਜੁਗਿੰਦਰ ਸਿੰਘ ਭਾਟੀਆ, ਸ੍ਰੀਮਤੀ ਕਮਲ ਕਾਂਤਾ, ਸ੍ਰੀ ਤ੍ਰਿਲੋਕ ਸਿੰਘ ਭੁਰਜੀ।
ਸ੍ਰੀ ਹਰਨਾਮ ਸਿੰਘ ਨਾਜ਼।

ਪਰਚਾਰ ਕਮੇਟੀ :

ਸ੍ਰੀ ਗੁਰਦਿਆਲ ਸਿੰਘ ਮਾਸਟਰ,
ਸ੍ਰੀ ਬਲਜੀਤ ਪਰਮਾਰ, ਸ੍ਰੀ ਗੁਰਚਰਨ ਸੋਇ,
ਸ੍ਰੀ ਸ਼ਸ਼ੀ ਕੇ. ਕਪੂਰ, ਸ੍ਰੀ ਮਨਜੀਤ ਸਿੰਘ।

ਸਭਿਆਚਾਰਕ ਸਾਂਝ ਕਮੇਟੀ :

ਸ੍ਰੀ ਪ੍ਰੀਤਮ ਬੇਲੀ.
ਸ੍ਰੀ ਹਰਨਾਮ ਸਿੰਘ ਨਾਜ਼
ਸ੍ਰੀ ਸੁਖਬੀਰ।

ਪੰਜਾਬੀ ਸਾਹਿਤ ਸਭਾ ਸਮਰਾਲਾ

ਨਵ-ਕਹਾਣੀਕਾਰ ਕਹਾਣੀ ਦਰਬਾਰ

ਸਤੰਬਰ 1977 ਵਿਚ ਪੰਜਾਬੀ ਸਾਹਿਤ ਸਭਾ ਸਮਰਾਲਾ ਵਲੋਂ ਸਰਵ-ਪੰਜਾਬ—ਜੇ. ਐਂਡ. ਕੇ.—ਹਿਮਾਚਲ—ਹਰਿਆਣਾ ਦਿੱਲੀ ਨਵ-ਕਹਾਣੀਕਾਰ ਕਹਾਣੀ ਦਰਬਾਰ ਕਰਵਾਇਆ ਜਾ ਰਿਹਾ ਹੈ! ਨਵੇਂ ਕਹਾਣੀਕਾਰ ਆਪਣਾ ਸਰਨਾਵਾਂ ਅਤੇ ਸਮਰਾਲਾ ਵਿਖੇ ਆਕੇ ਆਪਣੀ ਨਵੀਂ ਤੇ ਅਣਛਪੀ ਕਹਾਣੀ ਪੜ੍ਹਨ ਦੀ ਇੱਛਾ ਸ਼ੀਘਰ ਹੇਠ-ਲਿਖੇ ਉਤੇ ਭੇਜਣ।

ਹਮਦਰਦਵੀਰ ਨੌਸ਼ਹਿਰਵੀ
ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ
ਕਵਿਤਾ ਭਵਨ, ਮਾਛੀਵਾੜਾ ਰੋਡ, ਸਮਰਾਲਾ

ਜੰਮੂ ਕਸ਼ਮੀਰ ਪੰਜਾਬੀ ਸਾਹਿਤ ਸਭਾ ਸ੍ਰੀ ਨਗਰ

ਜੰਮੂ ਕਸ਼ਮੀਰ ਪੰਜਾਬੀ ਸਾਹਿਤ ਸਭਾ ਸ੍ਰੀਨਗਰ ਦੀ ਸਾਲਾਨਾ ਚੋਣ 19 ਜੂਨ ਨੂੰ ਸ: ਜਸਵੰਤ ਸਿੰਘ ਰਾਹੀ ਦੀ ਪਰਧਾਨਗੀ ਹੇਠ ਹੋਈ, ਜਿਸ ਵਿਚ ਸ: ਤਰਲੋਕ ਸਿੰਘ ਰਾਹੀ ਨੂੰ ਸਰਬ-ਸੰਮਤੀ ਨਾਲ ਪ੍ਰ ਸੱਭਾ ਦਾ ਪ੍ਰਧਾਨ ਚੁਣਿਆ ਗਿਆ।

ਸ: ਤਰਲੋਕ ਸਿੰਘ ਰਾਹੀ ਨੇ ਸਭਾ ਦੀ ਕਾਰਜ-ਸਾਧਕ ਕਮੇਟੀ ਦੀ ਘੋਸ਼ਣਾ ਕੀਤੀ :

ਮੀਤ ਪ੍ਰਧਾਨ—ਡਾ: ਮੋਹਣ ਸਿੰਘ ਸੇਠੀ,
ਜਨਰਲ-ਸਕੱਤਰ—ਹਰਭਜਨ ਸਿੰਘ ਸਾਗਰ
ਖਜ਼ਾਨਚੀ—ਪ੍ਰੋ: ਗੁਰਚਰਨ ਸਿੰਘ ਗੁਲਸ਼ਨ
ਮੀਤ-ਸਕੱਤਰ—ਇਛਪਾਲ ਸਿੰਘ
ਆਰਗੇਨਾਇਜ਼ਰ—ਕੰਵਲ ਕਸ਼ਮੀਰੀ।

ਮੈਂਬਰ—ਖਾਲਿਦ ਹੁਸੈਨ, ਸਰਨ ਸਿੰਘ, ਅਵਤਾਰ ਸਿੰਘ ਚੰਦਨ, ਪ੍ਰੋ: ਸੇਵਾ ਸਿੰਘ, ਠਾਕੁਰ ਸਿੰਘ ਜ਼ਖਮੀ।

ਹਰਭਜਨ ਸਾਗਰ
ਜਨਰਲ ਸਕੱਤਰ

ਸਰਵ ਪੱਖੀ ਸਾਹਿਤ ਸਮਾਗਮ

ਪੰਜਾਬੀ ਸਾਹਿਤ ਸਭਾ ਬਰਨਾਲਾ ਨੂੰ ਪੰਜਾਬ ਦੀਆਂ ਮੋਢੀ ਤੇ ਪ੍ਰਸਿੱਧ ਸਭਾਵਾਂ 'ਚੋਂ' ਇਕ ਵਿਸ਼ੇਸ਼ ਸਭਾ ਹੋਣ ਦਾ ਸਾਹਿਤਕ ਮਾਨ ਪ੍ਰਾਪਤ ਹੈ ! ਇਸ ਸਭਾ ਦੀ ਆਪਣੀ ਇਕ ਵਿਲੱਖਣਤਾ ਇਸ ਦਾ ਜਨਵਾਦੀ ਝੁਕਾਅ ਹੈ । ਪਿਛਲੇ ਦਿਨੀਂ ਮਾਲਵੇ ਦੀ ਇਸ ਪ੍ਰਮੁਖ ਸਭਾ ਨੇ ਸਾਹਿਤ ਸਭਾ ਸੰਗਰੂਰ, ਮਾਨਸਾ, ਤਪਾ, ਮਲੋਟ, ਹਲਵਾਰਾ ਤੇ ਲਿਖਾਰੀ ਸਭਾ ਬਰਨਾਲਾ ਦੇ ਸਾਹਿਤਕਾਰ ਸਾਥੀਆਂ ਨਾਲ ਮਿਲਕੇ ਸਰਵ ਪੱਖੀ ਸਾਹਿਤ ਸਮਾਗਮ ਮਨਾਇਆ। ਇਸ ਸਰਵ-ਪੱਖੀ ਸਾਹਿਤ ਸਮਾਗਮ ਤੇ ਹਿੰਦੀ ਤੇ ਪੰਜਾਬੀ ਦੇ ਅਸਥਾਪਿਤ ਪਰ ਮਹੱਤਵ-ਪੂਰਣ ਸਾਹਿਤਕ ਪਰਚਿਆਂ ਦੀ ਸਾਹਿਤਕ ਭੂਮਿਕਾ ਅਤੇ ਦੇਣ ਬਾਰੇ, ਡਾ: ਐਸ. ਐਸ. ਦੁਸਾਂਝ, ਸ੍ਰੀ ਵਿਨੋਦਸ਼ਾਹੀ, ਰੋਸ਼ਨ ਫੂਲਵੀ ਆਦ ਨੇ ਚਾਨਣ ਪਾਇਆ। 'ਕਿੰਤੂ', 'ਸੌਰਭ', 'ਹਿੰਦੀ', 'ਮਾਨਵ ਕ੍ਰਾਂਤੀ', 'ਨਾਇਕ' ਦੇ ਸੰਪਾਦਕ ਸ੍ਰੀ ਸੀ. ਮਾਰਕੰਡਾ, ਚਤਨ ਕੌਸ਼ਲ, ਰੋਸ਼ਨ ਫੂਲਵੀ ਤੇ ਮਿੱਤਰ ਸੈਨ ਮੀਤ ਹਾਜ਼ਰ ਸਨ। ਇਸ ਪੱਖ ਦੇ ਪ੍ਰਧਾਨ ਪ੍ਰੋ: ਤਾਰਾ ਚੰਦ ਗੁਪਤਾ ਹੋਰਾਂ ਸਥਾਪਤ ਤੇ ਅਸਥਾਪਤ ਦੀ ਗੱਲ ਨੂੰ ਪਾਸੇ ਰੱਖ ਉਹਨਾਂ ਦੇ ਰੋਲ ਦੀ ਗੱਲ ਕੀਤੀ।

ਪੰਜਾਬੀ ਦੇ ਪ੍ਰਤੀਬੱਧ ਨਾਵਲਕਾਰ ਓਮ ਪ੍ਰਕਾਸ਼ ਗਾਸੋ ਦੇ ਹਿੰਦੀ ਦੇ ਮੌਲਿਕ ਨਾਵਲ 'ਮਨੁਸ਼ ਕੀ ਆਂਖੇ' ਨੂੰ ਭਰੇ ਸਮਾਗਮ 'ਚ ਰਲੀਜ਼ ਕੀਤਾ ਗਿਆ। ਗਾਸੋ ਦੇ ਬਹੁਚਰਚਿਤ ਨਾਵਲ 'ਸੁਪਨੇ ਤੇ ਸੰਸਕਾਰ' ਕੱਪੜਵਾਸ, ਆਸ ਅੱਥਰੂ, ਮਿੱਟੀ ਦਾ ਮੁੱਲ, ਪੰਚਨਾਦ ਤੇ ਲੋਹੇ-ਲਾਖੇ ਮਗਰੋਂ ਲਿਖਿਆ ਹਿੰਦੀ ਦਾ ਮੌਲਿਕ ਨਾਵਲ ਹੈ। ਰਾਜ ਕੁਮਾਰ ਕੌਸ਼ਲ ਨੇ ਨਾਵਲ ਬਾਰੇ ਬੋਲਦਿਆਂ ਆਖਿਆ ਸ਼ਾਇਦ ਇਹ ਕਿਸੇ ਪੰਜਾਬੀ ਨਾਵਲਕਾਰ ਦਾ ਪਹਿਲਾ ਕੋਈ ਹਿੰਦੀ ਮੌਲਿਕ ਨਾਵਲ ਹੋਵੇ।

ਕਹਾਣੀ ਦਰਬਾਰ ਨੂੰ ਪੰਜਾਬੀ ਸਾਹਿਤ ਸਭਾ ਦੇ ਮੀਤ ਪ੍ਰਧਾਨ ਰਾਮ ਸਰੂਪ ਅਣਖੀ ਨੇ ਬੜੇ ਹੀ ਪਿਆਰੇ ਲਹਿਜੇ ਨਾਲ ਪੇਸ਼ ਕੀਤਾ। ਜਰਨੈਲ ਪੁਰੀ, ਬਸੰਤ ਰਤਨ, ਗੁਰਮੇਲ ਮਡਾਹੜ, ਗੁਰਚਰਨ ਭੀਖੀ, ਬਿੰਦਰ ਸਿੰਘ ਖਾਮੋਸ਼ ਹੋਰਾਂ ਆਪਣੀਆਂ ਕਹਾਣੀਆਂ ਪੜ੍ਹੀਆਂ। ਵਿਚ ਵਿਚਕਾਰ ਕਵਿਤਾ, ਗੀਤ, ਗਜ਼ਲ ਦਾ ਵੀ ਦੌਰ ਚਲਦਾ ਰਿਹਾ । ਭਾਸ਼ਾ ਵਿਭਾਗ ਦੇ ਡਾਇਰੈਕਟਰ ਸ੍ਰੀ ਰਜਨੀਸ਼ ਜੀ ਨੇ ਸਨਮਾਨ ਸਮਾਰੋਹ 'ਚ ਡਾ: ਅਮਰ ਕੋਮਲ ਤੇ ਡਾ: ਸੁਰਜੀਤ ਸਿੰਘ ਨੂੰ ਹਾਰ ਪਹਿਨਾਏ ਤੇ ਮਾਨ ਪੱਤਰ ਭੇਂਟ ਕੀਤੇ। ਪ੍ਰੋ: ਐਸ. ਐਸ. ਪਦਮ ਤੇ ਸ: ਦਲੀਪ ਸਿੰਘ ਹੋਰਾਂ ਇਹਨਾਂ ਪੁਰਸ਼ਾਰਥੀ ਲੇਖਕਾਂ ਪ੍ਰਤੀ ਦੋ ਸ਼ਬਦ ਆਖੇ।

ਪਰਚਿਆਂ ਤੇ ਬਹਿਸ 'ਚ ਬਹੁਤ ਸਾਰੇ ਵਿਦਵਾਨ ਆਲੋਚਕਾਂ ਨੇ ਹਿੱਸਾ ਲਿਆ। ਗੁਰਬਾਣੀ ਤੇ ਪੰਜਾਬੀ ਕਹਾਣੀ ਦੇ ਪਰਚਿਆਂ ਨੂੰ ਡਾ: ਅਮਰਕੋਮਲ ਤੇ ਡਾ: ਸੁਰਜੀਤ ਸਿੰਘ ਹੋਰਾਂ ਲਿਖਿਆ ਸੀ । ਗੁਰਚਰਨ ਸਿੰਘ ਸਹਿੰਸਰਾ ਇਸ ਪੱਖ ਦੇ ਪ੍ਰਧਾਨ ਸਨ।

ਸਾਧੂ ਸਿੰਘ ਬੇਦਿਲ, ਮਿਸ ਬਿਮਲਾ ਚੋਪੜਾ ਪ੍ਰਿੰਸੀਪਲ ਲਾਲ ਬਹਾਦੁਰ ਸ਼ਾਸਤਰੀ ਆਰੀਆ ਗਰਲਜ਼ ਕਾਲਜ ਬਰਨਾਲਾ ਨੇ ਪਰਚਿਆਂ ਪ੍ਰਤੀ ਵਿਸ਼ੇਸ਼ ਨੁਕਤੇ ਉਠਾਏ।

ਅੰਤ 'ਚ ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਰਜਨੀਸ਼ ਜੀ ਦੇ ਪ੍ਰਧਾਨਗੀ ਭਾਸ਼ਨ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਇੰਦਰ ਸਿੰਘ ਖਾਮੋਸ਼ ਨੇ ਸਭਾ ਵਲੋਂ, ਆਏ ਸਾਹਿਤਕਾਰ ਸਾਥੀਆਂ ਦਾ ਬਹੁਤ ਬਹੁਤ ਧੰਨਵਾਦ ਕੀਤਾ।

ਇੰਝ ਗੀਤ, ਗਜ਼ਲ, ਕਵਿਤਾ, ਬਹਿਸ, ਰਸ ਤੇ ਮਨੋਰੰਜਨ ਦੇ ਅੱਤ ਸੁਖਾਵੇਂ ਵਾਤਾਵਰਣ 'ਚ ਪੰਜਾਬੀ ਸਾਹਿਤ ਸਭਾ ਬਰਨਾਲਾ ਦਾ ਇਹ ਸਰਵ ਪੱਖੀ ਸਮਾਗਮ ਸਮਾਪਤ ਹੋਇਆ।

ਨਵਾਂ ਮਾਸਿਕ ਪਰਚਾ 'ਬਾਦਬਾਨ'

ਅਗਸਤ ਅੰਕ ਨਿੱਕਲ ਰਿਹਾ ਹੈ

ਉਸਾਰੂ ਤੇ ਅਗਾਂਹਵਧੂ ਰਚਨਾਵਾਂ ਲਈ ਲਿਖਾਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆ ਉੱਚ ਪੱਧਰ, ਅਪ੍ਰਕਾਸ਼ਿਤ ਤੇ ਅਗਾਂਹ ਵਧੂ ਰਚਨਾਵਾਂ ਹੇਠ ਲਿਖੇ ਪਤੇ ਤੇ ਭੇਜਣ ਰਚਨਾਂ ਅਸ਼ਲੀਲ ਨਹੀਂ ਹੋਣੀ ਚਾਹੀਦੀ ਲੇਖਕ ਆਪਣੀਆਂ ਕਹਾਣੀਆਂ, ਕਵਿਤਾਵਾਂ ਤੇ ਲੇਖ ਭੇਜ ਸਕਦੇ ਹਨ। ਪ੍ਰੰਗਰਦੇ ਲਿਖਾਰੀਆਂ ਲਈ ਥਾਂ ਰਾਖਵੀਂ ਹੈ।

ਪਤਾ—ਮਲਕੀਤ
ਸੰਪਾਦਕ 'ਬਾਦਬਾਨ' ਮਾਸਿਕ
ਪਿੰਡ ਤੇ ਡਾਕ: ਲਲਤੋਂ ਕਲਾਂ (ਲੁਧਿਆਣਾ)

ਤੁਹਾਡਾ ਪੰਨਾ

ਤੁਹਾਡੇ ਪਰਚੇ (ਜੁਲਾਈ) ਵਿਚ ਬੂਟਾ ਸਿੰਘ ਦੀ ਕਹਾਣੀ "ਨਵਾਂ ਮੋੜ" ਪੜ੍ਹੀ। ਬੂਟਾ ਸਿੰਘ ਦੀਆਂ ਕਹਾਣੀਆਂ ਦਾ ਮੈਂ ਪ੍ਰਸੰਸਕ ਹਾਂ। ਪਰ ਇਸ ਕਹਾਣੀ ਵਿਚ ਉਸ ਨੇ ਬਹੁਤ ਸੋਹਣਾ "ਕੱਚਾ ਮਸਾਲਾ" ਲਾਪ੍ਰਵਾਹੀ ਨਾਲ ਇਕ "ਨਿਕੀ ਕਹਾਣੀ" ਵਿਚ ਭਰਨ ਦੀ ਕੋਸ਼ਸ਼ ਕੀਤੀ ਹੈ। ਤਾਰੋ ਦੀ ਵਿਥਿਆ ਇਕ ਪੂਰੇ ਨਾਵਲ ਜਾਂ ਘਟ ਤੋਂ ਘਟ ਨਾਵਲੈੱਟ ਦਾ ਵਿਸ਼ਾ ਸੀ। "ਕਹਾਣੀ" ਵਿਚ ਨਿਭਾਉਣ ਨਾਲ ਚੰਗਾ ਵਿਸ਼ਾ ਨਸ਼ਟ ਹੋ ਗਿਆ। ਹੁਣ ਵੀ ਚਾਹੀਦਾ ਹੈ, ਲੇਖਕ ਇਸ ਵਿਸ਼ੇ ਉਤੇ ਲੰਮੇਰੀ ਰਚਨਾ ਕਰੇ।

ਨਜ਼ਮਾਂ ਵਿਚ ਕੰਵਰ ਸੁਖਦੇਵ ਦੀ ਗ਼ਜ਼ਲ ਚੰਗੀ ਸੀ। ਬਾਕੀ ਗ਼ਜ਼ਲਾਂ ਤਾਂ ਤੁਕਬੰਦੀ ਸਨ।

ਜਲੰਧਰ —ਪਿਆਰਾ ਸਿੰਘ ਭੋਗਲ

'ਵਰਿਆਮ' ਦਾ ਜੁਲਾਈ ਅੰਕ ਇਕੋ ਬੈਠਕ 'ਚ ਇਕੋ ਸਾਹੇ ਪੜ੍ਹਿਐ। ਟਾਈਟਲ ਪੇਜ ਦੀ ਵਿਲੱਖਣਤਾ ਹੀ ਦਰਅਸਲ ਇਸਦੀ ਪਹਿਚਾਨ ਹੈ—ਜਾਰੀ ਰਖੋ। ਕਵਿਤਾ ਭਾਗ 'ਚ ਗ਼ਜ਼ਲਾਂ ਜ਼ਿਆਦਾ ਹਨ—ਇਹ ਪ੍ਰਵਿਰਤੀ ਤੁਹਾਡੀ ਪਤ੍ਰਿਕਾ ਵਿਚ ਹੀ ਨਹੀਂ ਨਵੀਆਂ ਸਾਰੀਆਂ ਪਤ੍ਰਿਕਾਵਾਂ ਵਿਚ ਵਿਦਮਾਨ ਹੈ। ਇਹ ਤਾਂ ਵਕਤੀ-ਵਹਾਓ ਹੈ—ਨਜ਼ਮਾਂ ਵਲ ਵੀ ਕੁਝ ਧਿਆਨ ਕੇਂਦਰਿਤ ਕਰੋ। ਗਜ਼ਲ ਛਾਪੋ ਜਿਸ ਵਿਚ ਨਵੀਨਤਾ ਹੋਵੇ—ਜਿਵੇਂ ਕੰਵਰ ਸੁਖਦੇਵ ਦੀ।

ਕੁਲਵੰਤ ਦੀ ਗਜ਼ਲ ਦਾ ਆਖਰੀ ਸ਼ਿਅਰ ਮੇਰੇ ਵਲੋਂ ਕੀਤੀ ਪੁਸਤਕ-ਚਰਚਾ (ਸੁਲੱਗਦੇ ਪਲ) ਦੇ ਸੰਦਰਭ ਵਿਚ ਠੀਕ ਹੈ। ਸੋ ਉਸ ਦੀ ਰਚਨਾ ਬਾਰੇ ਮੇਰੀ ਰਾਏ ਉਸਦਾ ਇਹ ਸ਼ਿਅਰ ਵੀ ਸਪਸ਼ਟ ਕਰਦਾ ਹੈ।

ਕੋਈ ਗੀਤ ਬਣ ਗਿਆ ਹੈ ਕੋਈ ਗਜ਼ਲ ਬਣ ਗਿਆ।
'ਕੁਲਵੰਤ' ਨੇ ਹੈ ਰੋ ਕੇ ਜਿਹੜਾ ਵੀ ਗ਼ਮ ਸੁਣਾਇਆ।

(ਪੰਨਾ—3)

ਤਰਲੋਕ ਮਨਸੂਰ ਦੀ ਕਹਾਣੀ ਨਾਲੋਂ ਨਜ਼ਮ ਕਿਤੇ ਵਧੀਆ ਹੈ। ਕੋਈ ਯਥਾਰਥਕ ਘਟਨਾ ਜ਼ਰੂਰੀ ਨਹੀਂ ਵਧੀਆ ਕਹਾਣੀ ਵੀ ਹੋਵੇ: ਰਚਨਾ—ਚੋਣ ਮੂੰਹ ਮੁਲਾਹਜ਼ੇ ਕਾਰਨ ਨਹੀਂ ਮਿਆਰ ਦੇ ਆਧਾਰ ਤੇ ਹੋਣੀ ਚਾਹੀਦੀ ਹੈ। ਤੁਸੀਂ ਅਜਿਹਾ ਕਰਦੇ ਹੋ ਤੇ ਕਰੋਗੇ—ਇਸ ਦਾ ਮੈਨੂੰ ਯਕੀਨ ਹੈ। ਪ੍ਰੀਤਮ ਸਿੰਘ ਪੰਛੀ ਦੇ 'ਤਿੰਨ ਇਤਿਹਾਸਕ ਦਿਨ' ਚੋਂ ਇਤਿਹਾਸ ਵਾਲੀ ਕੋਈ ਗੱਲ ਪੜ੍ਹਨ ਨੂੰ ਨਹੀਂ ਮਿਲੀ। ਚੰਗਾ ਹੁੰਦਾ ਮਿਲਣੀਆਂ ਦੇ ਵੇਰਵੇ ਨਾਲੋਂ ਕਾਰਗੁਜ਼ਾਰੀ ਦੀ ਗੱਲ ਹੁੰਦੀ।

ਬੂਟਾ ਸਿੰਘ ਦੀ ਕਹਾਣੀ 'ਨਵਾਂ ਮੋੜ' ਪੜ੍ਹਦਿਆਂ ਗੁਰਬਖਸ਼ ਸਿੰਘ ਦੀ ਕਹਾਣੀ 'ਪ੍ਰੀਤਾਂ ਦੀ ਪਹਿਰੇਦਾਰ' ਯਾਦ ਆ ਗਈ। ਕਾਮ ਕਹਾਣੀ ਦਾ ਕੇਂਦਰ-ਬਿੰਦੂ ਹੈ। ਨਾਇਕਾ ਦਾ ਚਰਿਤਰ ਇਸ ਤੇ ਹੀ ਆਧਾਰਤ ਹੈ। ਪਰ ਆਦਰਸ਼ਕਤਾ ਸਦਕਾ ਕਹਾਣੀਕਾਰ ਦੀ ਮਨੋਵਿਗਿਆਨਕ ਪਕੜ ਢਿਲਕਣ ਦੇ ਨਾਲ ਹੀ ਅੰਤ ਤੇ ਕਹਾਣੀ ਲੜਖੜਾ ਗਈ ਹੈ।

ਸੁਮੇਰ ਨਾਲ ਤੁਲੀ ਦੀ ਮੁਲਾਕਾਤ ਠੀਕ ਹੈ। ਪਰ ਪੰਨਾ 29 ਉਤੇ 'ਭਾਵੁਕ ਤੇ ਉਪ ਭਾਵੁਕ ਆਦਿ (Abstract Sur-Realistic)' ਵਾਕ-ਅੰਸ਼ ਪ੍ਰਸ਼ਨ ਉਠੇ ਕਰਦੇ ਕਿ Abstract, Sur Realistic ਬਰੈਕਟ ਵਿਚ ਕਿਉਂ?ਸ਼ਾਇਦ ਭਾਵੁਕ ਤੇ ਉਪ ਭਾਵੁਕ ਦਾ ਅੰਗਰੇਜ਼ੀ ਤਰਜਮਾ ਹਨ—ਜੇ ਸੱਚ ਇੰਝ ਹੈ ਤਾਂ ਇਹ ਗਲਤ ਹੈ—ਕਿਉਂਕਿ Abstract ਤੇ Sur-Ralistic ਭਾਵੁਕ ਤੇ ਉਪ-ਭਾਵਕ ਦੇ ਅਰਥਾਂ ਵਿਚ ਨਹੀਂ ਵਰਤੇ ਜਾ ਸਕਦੇ। ਤੁਲੀ ਨੂੰ ਅਗਲੇ ਅੰਕ ਵਿਚ ਸਪਸ਼ਟ ਕਰਨਾ ਚਾਹੀਦੇ ਕਿਉਂਕਿ ਅਜਿਹੀਆਂ ਮੁਲਾਕਾਤਾਂ ਭਵਿਖ ਵਿਚ ਟਿਕ ਦਸਤਾਵੇਜ਼ ਦਾ ਕੰਮ ਕਰਦੀਆਂ ਹਨ।

ਦਸੂਹਾ ਪ੍ਰੋ: ਅਵਤਾਰ ਜੌੜਾ

ਜੁਲਾਈ ਦਾ ਵਰਿਆਮ ਲੇਟ ਆਇਆ ਤੇ ਲੇਟ ਹੀ ਪੜਿਆ ਸੀ। ਤੇ ਲੇਟ ਹੀ ਰਾਏ ਭੇਜ ਰਿਹਾਂ ਹਾਂ।

1. ਗ਼ਜ਼ਲਾਂ ਇਹਨਾਂ ਸਜਣਾਂ ਦੀਆ ਚੰਗੀਆਂ ਸਨ। ਕੁਲਵੰਤ ਜਗਰਾਓਂ, ਪ੍ਰਦੇਸੀ ਮੋਗਵੀਂ, ਗੁਰਭਜਨ ਸਿੰਘ। ਇਹਨਾਂ ਨੇ ਆਪਣੀਆਂ ਗ਼ਜ਼ਲਾਂ ਵਿਚ ਕੁਝ ਦਸਣਾ ਚਾਹਿਆ ਏ।

2. ਇਤਿਹਾਸਕ ਦਿਨ ਪੰਛੀ ਜੀ ਦਾ ਬਹੁਤ ਚੰਗਾ ਦਿਨ ਏ ਕਿਉਂਕਿ ਪੁਰਾਣੀਆਂ ਯਾਦਾ ਤਾਜ਼ਾ ਕਰਾਉਂਦੇ ਹਨ।

3. ਨਵਾਂ ਮੋੜ ਬੂਟਾ ਸਿੰਘ ਦੀ ਕਹਾਣੀ ਤਾਂ ਚੰਗੀ ਏ ਪਰ ਲੰਮੀ ਏ।

4; ਇਕ ਕਮੀਜ਼ ਇਕ ਝੂਠ ਪ੍ਰੀਤਮ ਬੇਲੀ ਦੀ ਕਹਾਣੀ ਆਪਣੀ ਮਿਸਾਲ ਆਪ ਏ।

5. ਕੁ-ਆਦਤਾਂ ਪ੍ਰੀਤਮ ਸਿੰਘ ਕਵੀ ਦੀਆਂ ਬਹੁਤ ਚੰਗੀਆਂ ਲਿਖੀਆਂ ਹਨ। ਪਰ ਕੁ-ਆਦਤਾਂ ਦੇ ਮਾਲਕਾਂ ਨੇ ਇਹ ਪੜਨੀਆਂ ਨਹੀਂ। ਤੇ ਨਾਂ ਹੀ ਹਟ ਸਕਦੀਆਂ ਹਨ।

ਇਹਨਾ ਨੂੰ ਮੈਂ ਕੁਝ ਚੰਗਾ ਸਮਝਿਆ ਸੀ ਇਸ ਕਰਕੇ ਲਿਖ ਰਿਹਾਂ ਹਾਂ। ਬਾਕੀ ਵਰਿਆਮ ਅਗੇ ਨਾਲੋਂ ਬਹੁਤ ਸਾਰਾ ਤਕੜਾ ਹੋ ਗਿਆ ਏ। ਤੇ ਹੋ ਰਿਹਾ ਏ ਜੇ ਕਰ ਇਸੇ ਦੌੜੇ ਦੌੜਦਾ ਰਿਹਾ ਤਾਂ ਛੇਤੀ ਆਪਣੇ ਸਾਥੀਆਂ ਨਾਲ ਮਿਲ ਜਾਵੇਗਾ।

ਬਟਾਲਾ — ਹਰਭਜਨ ਸਿੰਘ ਬਾਜਵਾ

——

ਵਰਿਆਮ ਦਾ ਜੂਨ ਅੰਕ ਪੜ੍ਹ ਕੇ ਦਿਲ ਬਾਗ਼-ਬਾਗ਼ ਹੋ ਉਠਿਆ ਕਿ ਇੰਨੀ ਘੱਟ ਕੀਮਤ ਤੇ ਇੰਨਾ ਢੇਰ ਸਾਰਾ ਮੈਟਰ। ਇਸ ਅੰਕ ਵਿਚ ਕੁਲਵੰਤ ਜਗਰਾਉਂ ਦੇ ਸ਼ੇਅਰ ਤੇ ਜਸਵੰਤ ਵਿਰਦੀ ਦੀ ਕਹਾਣੀ ਬਹੁਤ ਹੀ ਉਚ ਪਾਏ ਦੀ ਸੀ ਅਤੇ ਮਿੱਤਰ ਪ੍ਰਕਾਸ਼ ਨੂੰ ਵੀ ਮੇਰੇ ਵਲੋਂ ਮੁਬਾਰਕਬਾਦ।

ਖਹਿਰਾ ਮਜਾ (ਜਲੰਧਰ) —ਸਵਰਨ ਖਹਿਰਾ

——

ਆਪ ਦੁਆਰਾ ਸੰਪਾਦਤ 'ਵਰਿਆਮ' ਬੁੱਕ ਸਟਾਲ ਸੰਗਰੂਰ ਤੇ ਵੇਖਿਆ। ਬੜੇ ਦੁੱਖ ਦੀ ਗੱਲ ਹੈ ਕਿ ਦੋ ਸਾਲ ਛਪਦੇ ਨੂੰ ਹੋ ਗਏ ਪਰ ਸੰਗਰੂਰ ਵਿਚ ਹੁਣ ਆਇਆ ਹੈ। ਵਿਰਦੀ ਦੀ ਕਹਾਣੀ "ਜਵਾਬ-ਤਲਬੀ" ਪੜ੍ਹੀ। ਇੰਸ ਲਗਦਾ ਹੈ ਜਿਵੇਂ ਇਹ ਕਹਾਣੀ ਮੈਂ ਪਹਿਲੇ ਕਿਸੇ ਹੋਰ ਰਸਾਲੇ ਵਿਚ ਵੀ ਪੜ੍ਹੀ ਹੈ। ਪਰ ਪੜ੍ਹਨ ਤੇ ਪਹਿਲੇ ਜਿੰਨਾ ਹੀ ਮਜ਼ਾ ਆਇਆ। ਬਸ ਇਕ ਘਾਟ ਲੱਗੀ ਹੈ—ਕਹਾਣੀਆਂ ਘਟੋ ਘਟ ਸਾਰੇ ਰਸਾਲੇ ਵਿਚ ਚਾਰ ਪੰਜ ਤਾਂ ਹੋਣੀਆਂ ਚਾਹੀਦੀਆਂ ਹਨ। ਅਜ ਕਲ ਦਾ ਪਾਠਕ ਕਹਾਣੀ ਜ਼ਿਆਦਾ ਪਸੰਦ ਕਰਦਾ ਹੈ। ਮੇਰੇ ਵਲੋਂ ਸ਼ੁਭ ਇਛਾਵਾਂ।

ਬਿਪਨ 'ਗੋਇਲ' ਸੰਗਰੂਰ

——

ਪਰਚਾ ਵਾਚਿਆ, ਹਰ ਪੱਖੋਂ ਅਤਿ ਸੁੰਦਰ ਹੈ। ਕਵਿਤਾ ਭਾਗ ਕੁਝ ਕਮਜ਼ੋਰ ਹੈ, ਨਿਬੰਧ ਸਾਰੇ ਹੀ ਵਧੀਆ ਹਨ। ਸਾਰੇ ਲੇਖਕਾਂ ਦੇ ਸਿਰਨਾਵੇਂ ਨਾਲ ਹੀ ਛਾਪ ਦਿਆ ਕਰੋ, ਆਪਸੀ ਸਿੱਧਾ ਸੰਪਰਕ ਵੀ ਬਣਿਆਂ ਰਹਿੰਦਾ ਹੈ।

ਬਲਦੇਵ ਪਵਾਰ
ਧਨਵੰਤਰੀ ਆ: ਵੈ: ਔਸ਼ਧਾਲਯ
ਕੋਟ ਮੰਗਲ ਸਿੰਘ, ਲੁਧਿਆਣਾ—141003

——

ਪਰਚਾ ਕੱਢ ਲੈਣਾ ਇਕ ਉਦਮ ਹੈ। ਇਸ ਮਹਿੰਗਾਈ ਦੇ ਸਮੇਂ, ਦਾਦ ਹੀ ਦਿਤੀ ਜਾ ਸਕਦੀ ਹੈ।

ਪਰਚਾ ਕੱਢਣ ਸਮੇਂ ਇਕ ਗੱਲ ਦਾ ਖਿਆਲ ਜ਼ਰੂਰ ਰਖਣਾ ਚਾਹੀਦਾ ਹੈ ਕਿ ਪਰਚਾ ਮਿਆਰੀ ਹੋਵੇ। ਉਸ ਵਿਚ ਸਾਹਿਤਕ ਤੱਤਾਂ ਦੀ ਅਣਹੋਂਦ ਨਾ ਹੋਵੇ। ਕੀਮਤ ਹੋਰ ਵੱਧ ਭਾਵੇਂ ਹੋਵੇ ਪਰ ਮਿਆਰੀ ਸਾਹਿਤ ਹੋਣਾ ਚਾਹੀਦਾ ਹੈ। ਪੰਜਾਬੀ ਦੇ ਸਥਾਪਤ ਹੋ ਚੁਕੇ ਲੇਖਕਾਂ ਦੇ ਨਾਲ ਨਾਲ ਨਵੇਂ ਲੇਖਕਾਂ ਦੀਆਂ ਚੰਗੀਆਂ ਕ੍ਰਿਤਾਂ ਹੋਣੀਆਂ ਜ਼ਰੂਰੀ ਹਨ। ਲੇਖਕਾਂ ਨਾਲ ਤਾਲਮੇਲ ਹੋਣਾ ਚਾਹੀਦਾ ਹੈ। ਕਈ ਇਕ ਸਾਹਿਤ ਸਭਾਵਾਂ ਵਿਚ ਚੰਗੀਆਂ ਰਚਨਾਵਾਂ ਸੁਣਨ ਵਿਚ ਆਉਂਦੀਆਂ ਹਨ। ਪਰ ਪਰਚੇ ਵਾਪਸ ਕਰ ਦਿੰਦੇ ਹਨ। ਸਮੇਂ ਸਮੇਂ ਸਾਹਿਤ ਸਭਾਵਾਂ ਵਿਚ ਜਾ ਕੇ ਚੰਗਾ ਮੈਟਰ ਇਕਠਾ ਕਰ ਕੇ ਛਾਪਣ ਦੀ ਲੋੜ ਹੈ।

"ਸਾਰਿਕਾ" ਹਿੰਦੀ ਵਿਚ ਛਪਦਾ ਹੈ। ਜੇ ਉਸ ਦੀ ਕੀਮਤ ਡੇਢ ਰੁਪਏ ਦੀ ਥਾਂ ਦੋ ਵੀ ਹੋਵੇ ਤਾਂ ਵੀ ਦੁਖਦਾਈ ਨਹੀਂ ਹੋਣਗੇ ਕਿਉਂਕਿ ਉਸ ਵਿਚ ਜੋ ਵੀ ਰਚਨਾ ਛਪਦੀ ਹੈ, ਸਾਹਿਤਕ ਮਿਆਰ ਦੀ ਹੁੰਦੀ ਹੈ। ਕੋਸ਼ਿਸ਼ ਜਾਰੀ ਰੱਖੋ, ਮੈਂ ਆਪਣੇ ਵਲੋਂ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੰਦਾ ਹਾਂ।

—ਜਗਦੀਸ਼ ਨੀਲੋਂ

——

ਇਸ ਵਾਰੀ ਦਾ ਵਰਿਆਮ ਵੇਖ ਕੇ ਤੇ ਪੜ੍ਹ ਕੇ ਦਿਲ ਬੜਾ ਖੁਸ਼ ਹੋਇਆ ਹੈ। ਸਕੂਲਾਂ ਤੇ ਕਾਲਜਾਂ ਲਈ ਪਰਵਾਨ ਹੋ ਜਾਣ ਤੇ ਇਸ ਵਿੱਚ ਹਰ ਪਰਕਾਰ ਦਾ ਮੈਟਰ ਦੇਣ ਕਰਕੇ ਤੁਸੀ ਵਧਾਈ ਦੇ ਹਕਦਾਰ ਹੋ, ਸੋ ਹਾਰਦਿਕ ਵਧਾਈ ਕਬੂਲ ਕਰੋ।

ਅਮ੍ਰਿਤਸਰ — ਕੁਲਦੀਪ ਸਿੰਘ ਹਉਰਾ

——

ਕੁਝ ਦਿਨ ਹੋਏ ਵਰਿਆਮ ਪੜ੍ਹਨ ਦਾ ਮੌਕਾ ਮਿਲਿਆ ਤੁਹਾਡੇ ਇਸ ਉਦਮ ਦੀ ਮੈਂ ਦਾਦ ਦਿੰਦਾ ਹਾਂ ਕਿਉਂਕਿ ਪੰਜਾਬੀ ਵਿਚ ਕੋਈ ਪਤਰ ਕਢਣਾ ਬੜੀ ਹੌਸਲੇ ਤੇ ਦਲੇਰੀ ਦੀ ਗੱਲ ਹੈ।

ਸੰਤੋਖ ਸਿੰਘ ਮਿਨਹਾਸ
ਨੇੜੇ ਨਵਾਂ ਬਸ ਸਟੈਂਡ ਕੋਟਕਪੂਰਾ


ਪ੍ਰੀਤਮ ਸਿੰਘ ਕਵੀ ਨਾਲ ਇਕ ਮਿਲਣੀ

ਬੀਤੀ 4 ਜੁਲਾਈ ਨੂੰ ਪ੍ਰੀਤਮ ਸਿੰਘ ਕਵੀ ਜੀ ਨਾਲ ਮਿਲਣੀ ਦਾ ਪਰਬੰਧ 'ਵਰਿਆਮ' ਵਲੋਂ ਕੀਤਾ ਗਿਆ ਕਵੀ ਜੀ ਜਲੰਧਰ ਛਡ ਕੇ ਦਿਲੀ ਨਿਵਾਸ ਕਰਨ ਲਈ ਚਲੇ ਗਏ। ਉਹਨਾਂ ਦੇ ਪ੍ਰੇਮ ਨੂੰ ਮੁਖ ਰਖਦਿਆਂ ਜਲੰਧਰ ਦੇ ਲੇਖਕ, ਪਤ੍ਰਕਾਰ, ਪ੍ਰਿੰਟਰ ਪ੍ਰਕਾਸ਼ਕ ਤੇ ਹੋਰ ਦੋਸਤ ਮਿਤਰ ਭਾਰੀ ਗਿਣਤੀ ਵਿਚ ਸ਼ਾਮਲ ਹੋਏ।

ਇਸ ਸਮਾਗਮ ਦੀ ਪਰਧਾਨਗੀ ਸ: ਸਾਧੂ ਸਿੰਘ 'ਹਮਦਰਦ' ਹੋਰਾਂ ਕੀਤੀ ਅਤੇਸ੍ਰੀ ਵਿਜੇ ਕੁਮਾਰ (ਹਿੰਦ ਸਮਾਚਾਰ), ਸ: ਜਸਵੰਤ ਸਿੰਘ ਕੰਵਲ ਨਾਵਲਿਸਟ, ਜਸਵੰਤ ਸਿੰਘ ਵਿਰਦੀ, ਹਰਨਾਮ ਦਾਸ ਸਹਿਰਾਈ, ਬਰਜਿੰਦਰ ਹਮਦਰਦ, ਈਸ਼ਰ ਸਿੰਘ ਅਟਾਰੀ, ਪ੍ਰੋ: ਬਲਬੀਰ ਸਿੰਘ, ਪ੍ਰੋ: ਸੁਰੇਸ਼ ਸੇਠ, ਬਲਬੀਰ ਸੰਧੂ, ਦਲਬੀਰ, ਹਰਚਰਨ ਜੀਤ ਸਿੰਘ (ਮੌਜੀ), ਇੰਦਰ ਮੋਹਨ ਸਿੰਘ ਛਾਬੜਾ (ਬਿੰਦੂ) ਮਾਸਟਰ ਅਜੀਤ ਸਿੰਘ ਚੀਮਾ, ਸਵਰਨ ਸਿੰਘ ਸਨੇਹੀ: ਸ: ਸੁਰੈਣ ਸਿੰਘ, ਸ੍ਰੀ ਕਿਰਪਾ ਸਾਗਰ (ਸੂਚਨਾ ਅਫਸਰ) ਮਨਮੋਹਣ ਸਿੰਘ ਬੁਧੀ ਰਾਜਾ (ਭਾਸ਼ਾ ਅਫਸਰ). ਜੰਗ ਬਹਾਦਰ ਸਿੰਘ ਘਈ (ਨਤੀਜਾ). ਪ੍ਰੋ: ਪਿਆਰਾ ਸਿੰਘ ਭੋਗਲ, ਤਰਸੇਮ ਨੀਲਗਿਰੀ, ਫਕੀਰ ਚੰਦ ਤੁਲੀ, ਜਸਵੰਤ ਸਿੰਘ, ਬਲਜੀਤ ਪਨੂੰ, ਕਾ: ਦਰਸ਼ਨ ਸਿੰਘ, ਦਰਸ਼ਨ ਸਿੰਘ ਨਾਮਧਾਰੀ, ਸੁਰਜਨ ਜ਼ੀਰਵੀ. ਗੁਰਬਖਸ਼ ਸਿੰਘ ਬਨੂਆਣਾ, ਸ੍ਰੀਮਤੀ ਹਰਬੀਰ ਕੌਰ, ਕਾ. ਕ੍ਰਿਸ਼ਨ ਭਾਰਦਵਾਜ ਅਤੇ ਹੋਰ ਬਹੁਤ ਸਾਰੇ ਸਜਣ ਮਿਤਰ ਸ਼ਾਮਲ ਹੋਏ — ਅਤੇ ਕਵੀ ਜੀ ਦੀ ਸ਼ਖਸੀਅਤ ਦੇ ਸਾਹਿਤਕ ਤੇ ਮਾਨਵੀ ਪਹਿਲੂਆਂ ਤੇ ਚਾਨਣਾ ਪਾਇਆ। ਇਸ ਸਮਾਗਮ ਦੀਆਂ ਕੁਝ ਝਾਕੀਆਂ:




ਕਵੀ ਜੀ ਇਕਤਰਤਾ ਨੂੰ ਸੰਬੋਧਨ ਕਰ ਰਹੇ ਹਨ ਨਾਲ ਬੈਠੇ ਹਨ ਖਬਿਓਂ, ਸ੍ਰੀ ਵਿਜੇ ਕੁਮਾਰ ਚੋਪੜਾ. ਸ: ਸਾਧੂ ਸਿੰਘ ਹਮਦਰਦ ਤੇ ਜਸਵੰਤ ਸਿੰਘ ਕੰਵਲ ਨਾਵਲਕਾਰ।



ਸ: ਸਰੈਣ ਸਿੰਘ ਜੀ. ਨਾਮਧਾਰੀ ਸਭਾ ਵਲੋਂ ਹਾਰ ਪਹਿਣਾ ਰਹੇ ਹਨ। ਦਰਮਿਆਨ ਵਿਚ ਹਰਨਾਮ ਦਾਸ ਸਹਿਰਾਈ ਦਿਖਾਈ ਦੇ ਰਹੇ ਹਨ।



ਜਸਵੰਤ ਸਿੰਘ ਵਿਰਦੀ ਹਾਰ ਦੁਆਰਾ ਸੁਆਗਤ ਕਰਦੇ ਹੋਏ ।



ਬਰਜਿੰਦਰ ਹਮਦਰਦ (ਦ੍ਰਿਸ਼ਟੀ) ਵਲੋਂ ਸਨਮਾਨ



ਕਾਮਰੇਡ ਕ੍ਰਿਸ਼ਨ ਭਾਰਦਵਾਜ (ਨਵਾਂ ਜ਼ਮਾਨਾ) ਵਲੋਂ ਆਦਰ



ਹਿੰਦੀ ਸਾਹਿਤਕਾਰ ਪ੍ਰੋ: ਸੁਰੇਸ਼ ਸੇਠ ਕਵੀ ਜੀ ਨਾਲ ।

Registered : P/JL—97 MONTHLY WARIAM August 1977
Registered with the registrar of News Papers for India No. 26453/75

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਪ੍ਰਕਾਸ਼ਨ ਮਿਤੀ 7-8-1977